Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਰੋਲ-ਪੇਪਰ)

Rs.10/-

All Subject to Patiala Jurisdiction.

www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ

Editor : Jagpreet Singh • RNI/PUNPUN00806 • Issue Dated 18-01-2025 • Vol.43 No.03 • Ph. : 0175-2214575, 90410-14575 • Page : 16 | E-mail : khetiduniyan1983@gmail.com

## ਅੰਦਰ ਪੜ੍ਹੋ




ਕਣਕ ਦੀ ਫ਼ਸਲ 'ਚ ਨਦੀਨਾਂ ਦੀ ਰੋਕਥਾਮ



ਸਰਦੀਆਂ ਵਿੱਚ ਕੱਟੜੂਆਂ/ਵੱਛੜੂਆਂ ਨੂੰ ਠੰਢ ਤੋਂ ਬਚਾਅ ਲਈ ਸਾਵਧਾਨੀਆਂ

21 ਕਰੋੜੀ ਘੋੜਾ ਬਣਿਆ ਖਿੱਚ ਦਾ ਕੇਂਦਰ



# ਪੀਲੀ ਕੁੰਗੀ ਤੋਂ ਬਚਾਅ ਲਈ ਕਣਕ ਦੀ ਫਸਲ ਦਾ ਨਿਰੀਖਣ ਕਰੋ



ਕਿਸਾਨ ਵੀਰੋ ਕਣਕ ਦੀ ਫਸਲ ਦਾ ਨਿਰੀਖਣ ਲਗਾਤਾਰ ਕਰਦੇ ਰਹੋ ਕਿਉਂਕਿ ਇਨ੍ਹੀਂ ਦਿਨੀਂ ਮੌਸਮ ਪੀਲੀ ਕੁੰਗੀ ਦੇ ਹਮਲੇ ਲਈ ਅਨੁਕੂਲ ਚੱਲ ਰਿਹਾ ਹੈ। ਹਰ ਸਾਲ ਪੰਜਾਬ ਵਿਚ ਕਣਕ ਦੀ ਫਸਲ ਤੇ ਇਸ ਦੇ ਸ਼ੁਰੂਆਤੀ ਹਮਲਾ ਨੀਂਮ ਪਹਾੜੀ ਇਲਾਕਿਆਂ ਜਿਵੇਂ ਕਿ ਰੋਪੜ, ਅਨੰਦਪੁਰ ਸਾਹਿਬ, ਨੂਰਪੁਰ ਬੇਦੀ, ਗੜ੍ਹਸ਼ੰਕਰ, ਨਵਾਂ ਸ਼ਹਿਰ, ਬਲਾਚੌਰ, ਹੁਸ਼ਿਆਰਪੁਰ, ਮਾਹਿਲਪੁਰ, ਮੁਕੇਰੀਆ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਰਮਦਾਸ, ਕਲਾਨੌਰ, ਪਠਾਨਕੋਟ ਆਦਿ ਜ਼ਿਲ੍ਹਿਆਂ ਵਿਚ ਪਾਇਆ ਜਾਂਦਾ ਹੈ ਅਤੇ ਬਾਅਦ ਵਿਚ ਇਸ ਬਿਮਾਰੀ ਦੀ ਲਾਗ ਪੰਜਾਬ ਦੇ ਬਾਕੀ ਦੇ ਮੈਦਾਨੀ ਇਲਾਕਿਆਂ ਵਿਚ ਹਵਾ ਰਾਹੀਂ ਫੈਲ ਜਾਂਦੀ ਹੈ। ਗਰਮੀਆਂ ਦੀ ਰੁੱਤ ਵਿਚ ਪੀਲੀ ਕੁੰਗੀ ਦੀ ਉੱਲੀ ਜੰਮੂ ਕਸ਼ਮੀਰ ਅਤੇ ਹਿਮਾਚਲ ਦੇ ਪਹਾੜੀ ਇਲਾਕਿਆਂ ਵਿਚ ਬੀਜੀ ਜਾਂ ਆਪ ਮੁਹਾਰੇ ਉੱਗੀ ਕਣਕ ਦੇ ਉੱਪਰ ਪਲਦੀ ਰਹਿੰਦੀ ਹੈ। ਸਰਦੀਆਂ ਦੇ ਮੌਸਮ ਵਿਚ ਇਸ ਬਿਮਾਰੀ ਦੀ ਲਾਗ ਦੇ ਕਣ ਹਵਾ ਰਾਹੀ ਉੱਡ ਕੇ ਪੰਜਾਬ ਦੇ ਨੀਂਮ ਪਹਾੜੀ ਇਲਾਕਿਆਂ ਵਿਚ ਬੀਜੀ ਕਣਕ ਦੀ ਫਸਲ ਤੇ ਧੌੜੀਆਂ ਵਿਚ ਹਮਲਾ ਕਰ ਦਿੰਦੇ ਹਨ। ਇਸ ਕਰਕੇ ਨੀਂਮ ਪਹਾੜੀ ਇਲਾਕਿਆਂ ਦੇ ਕਿਸਾਨ ਵੀਰਾਂ ਨੂੰ ਇਹ ਗੁਜ਼ਾਰਿਸ਼ ਕੀਤੀ ਜਾਂਦੀ ਹੈ ਕਿ ਉਹ ਇਨ੍ਹੀ ਦਿਨ੍ਹੀ ਆਪਣੀ ਕਣਕ ਦੀ ਫਸਲ ਦਾ ਨਿਰੀਖਣ ਕਰਦੇ ਰਹਿਣ। ਜੇਕਰ ਇਸ ਬਿਮਾਰੀ ਦਾ ਹਮਲਾ ਨਜ਼ਰ ਆਵੇ ਤਾਂ ਸਿਫਾਰਿਸ਼ ਕੀਤੇ ਉੱਲੀਨਾਸ਼ਕਾਂ ਨਾਲ ਇਸ ਬਿਮਾਰੀ ਦੀ ਲਾਗ ਨੂੰ ਸ਼ੁਰੂਆਤੀ ਧੌੜੀਆਂ ਵਿਚ ਹੀ ਕਾਬੂ ਕਰ ਲੈਣ।

### ਨਿਸ਼ਾਨੀਆਂ

ਪੀਲੀ ਕੁੰਗੀ ਦੇ ਹਮਲੇ ਨਾਲ ਕਣਕ ਦੇ ਪੱਤਿਆਂ ਉੱਪਰ ਪੀਲੇ ਰੰਗ ਦੀਆਂ ਧਾਰੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਹਲਦੀਨੁਮਾ ਧੂੜਾ ਨਿਕਲਦਾ ਨਜ਼ਰ ਆਉਂਦਾ ਹੈ। ਕਈ ਵਾਰ ਦਸੰਬਰ-ਜਨਵਰੀ ਦੇ ਮਹੀਨੇ ਦੌਰਾਨ ਕਈ ਹੋਰ ਕਾਰਨਾਂ ਕਰਕੇ ਵੀ ਕਣਕ ਪੀਲੀ ਪੈ ਜਾਂਦੀ ਹੈ ਜਿਸਨੂੰ ਕਈ ਵਾਰ ਕਿਸਾਨ ਵੀਰ ਪੀਲੀ ਕੁੰਗੀ ਸਮਝ ਲੈਂਦੇ ਹਨ। ਕਿਸਾਨ ਵੀਰ ਜੇਕਰ ਪੀਲੀ ਕੁੰਗੀ ਨਾਲ ਪ੍ਰਭਾਵਿਤ ਪੱਤਿਆਂ ਨੂੰ ਛੂਹਿਆ ਜਾਵੇ ਤਾਂ ਹਲਦੀਨੁਮਾ ਧੂੜਾ ਉਂਗਲੀਆਂ ਉੱਤੇ ਪ੍ਰਤੱਖ ਨਜ਼ਰ ਆਉਂਦਾ ਹੈ। ਇਸ ਪੀਲੇ ਧੂੜੇ ਤੋਂ ਹੀ ਪੀਲੀ ਕੁੰਗੀ ਦੀ ਪਹਿਚਾਣ ਕੀਤੀ ਜਾ ਸਕਦੀ ਹੈ। ਇਹ ਧੂੜਾ ਨੇੜੇ ਦੇ ਖੇਤਾਂ ਵਿਚ ਹਵਾ ਦੇ ਨਾਲ ਫੈਲ ਜਾਂਦਾ ਹੈ ਜਿਸ ਨਾਲ ਬਿਮਾਰੀ ਦੂਰ ਤੱਕ ਫੈਲ ਜਾਂਦੀ ਹੈ। ਅਨੁਕੂਲ ਮੌਸਮ ਵਿਚ ਇਹ ਧਾਰੀਆਂ ਪੱਤੇ ਦੀ ਸ਼ੀਥ ਉੱਪਰ ਵੀ ਬਣ ਜਾਂਦੀ ਹੈ। ਗੰਭੀਰ ਹਾਲਤਾਂ ਵਿਚ ਬਿਮਾਰੀ ਨਾਲ ਪ੍ਰਭਾਵਿਤ ਪੱਤੇ ਸੁੱਕ ਜਾਂਦੇ ਹਨ ਅਤੇ ਦਾਣੇ ਸੁੰਗੜ ਜਾਂਦੇ ਹਨ ਜਿਸ ਕਰਕੇ ਕਣਕ ਦਾ ਝਾੜ ਘੱਟ ਜਾਂਦਾ ਹੈ। ਮਾਰਚ ਮਹੀਨੇ ਦੌਰਾਨ ਮੌਸਮ ਗਰਮ ਹੋਣ ਤੇ ਇਹ ਪੀਲੀਆਂ ਧਾਰੀਆਂ ਕਾਲੇ ਰੰਗ ਵਿਚ ਬਦਲ ਜਾਂਦੀਆਂ ਹਨ। ਕਿਸਾਨ ਵੀਰੋ ਜਦੋਂ ਰਾਤ ਦਾ ਤਾਪਮਾਨ 7-13 ਡਿਗਰੀ ਸੈਂਟੀਗ੍ਰੇਡ, ਦਿਨ ਦਾ ਤਾਪਮਾਨ 15-24 ਡਿਗਰੀ ਸੈਂਟੀਗ੍ਰੇਡ ਅਤੇ ਹਵਾ ਵਿਚ ਨਮੀਂ ਦੀ ਮਾਤਰਾ 85-100 ਪ੍ਰਤੀਸ਼ਤ ਤੱਕ ਹੋਵੇ ਤਾਂ ਅਜਿਹਾ ਮੌਸਮ ਪੀਲੀ ਕੁੰਗੀ ਦੇ ਹਮਲੇ ਅਤੇ ਵਾਧੇ ਲਈ ਬਹੁਤ ਅਨੁਕੂਲ ਹੋ ਜਾਂਦਾ ਹੈ। ਇਨ੍ਹੀਂ ਦਿਨੀਂ ਮੌਸਮ ਪੀਲੀ ਕੁੰਗੀ ਦੇ ਅਨੁਕੂਲ



ਚੱਲ ਰਿਹਾ ਹੈ ਇਸ ਲਈ ਆਪਣੇ ਖੇਤਾਂ ਦਾ ਨਿਰੀਖਣ ਕਰੋ ਅਤੇ ਬਿਮਾਰੀ ਨਜ਼ਰ ਆਉਣ ਤੇ ਹੇਠ ਦਿੱਤੇ ਅਨੁਸਾਰ ਇਸ ਸਮੇਂ ਰੋਕਥਾਮ ਕਰਕੇ ਇਸ ਨਾਮੁਰਾਦ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹੋ।

### ਰੋਕਥਾਮ

★ ਚੱਲ ਰਿਹਾ ਮੌਸਮ ਪੀਲੀ ਕੁੰਗੀ ਦੇ ਹਮਲੇ ਲਈ ਅਨੁਕੂਲ ਹੈ ਇਸ ਲਈ ਪੀਲੀ ਕੁੰਗੀ ਦਾ ਵੇਲੇ ਸਿਰ ਪਤਾ ਲਗਾਉਣ ਲਈ ਨੀਮ ਪਹਾੜੀ ਖੇਤਰਾਂ ਦੇ ਕਿਸਾਨ ਵੀਰ ਇਸ ਸਮੇਂ ਪਾਣੀ ਲਾਉਣ ਜਾਂ ਮੀਂਹ ਪੈਣ ਤੋਂ ਬਾਅਦ ਇਸ ਦੀ ਸ਼ੁਰੂਆਤੀ ਆਮਦ ਨੂੰ ਧੌੜੀਆਂ ਵਿਚ ਦੇਖਣ ਲਈ ਆਪਣੇ ਖੇਤਾਂ ਦਾ ਚੰਗੀ ਤਰ੍ਹਾਂ ਨਿਰੀਖਣ ਕਰਨ।

★ ਪੀਲੀ ਕੁੰਗੀ ਦਾ ਸ਼ੁਰੂਆਤੀ ਹਮਲਾ ਧੌੜੀਆਂ ਵਿਚ ਨਜ਼ਰ ਆਉਂਦਾ ਹੈ। ਇਸ ਬਿਮਾਰੀ ਦੀ ਸ਼ੁਰੂਆਤੀ ਲਾਗ ਨੂੰ ਛੇਤੀ ਤੋਂ ਛੇਤੀ ਕਾਬੂ ਕਰਨ ਨਾਲ ਇਸਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ। ਇਸ ਬਿਮਾਰੀ ਦੇ ਹਮਲੇ ਵਾਲੀਆਂ ਧੌੜੀਆਂ ਤੇ ਕੈਵੀਅਟ ਜਾਂ ਕਸਟੋਡੀਆ ਜਾਂ ਓਪੇਰਾ ਜਾਂ ਟਿਲਟ ਜਾਂ ਸ਼ਾਈਨ ਜਾਂ ਬੰਪਰ ਜਾਂ ਸਟਿਲਟ ਜਾਂ ਕੰਮਪਾਸ ਜਾਂ ਮਾਰਕਜ਼ੋਲ ਦੇ 0.1 ਪ੍ਰਤੀਸ਼ਤ ਜਾਂ ਨਟੀਵੋ ਦੇ 0.06 ਪ੍ਰਤੀਸ਼ਤ ਘੋਲ ਦਾ ਛਿੜਕਾਅ ਕਰਕੇ ਸਮੇਂ ਸਿਰ ਕਾਬੂ ਕਰੋ।

★ ਆਪਣੇ ਖੇਤਾਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਲੋੜ ਪੈਣ ਤੇ ਛਿੜਕਾਅ ਫਿਰ ਦੁਹਰਾਓ ਤਾਂ ਜੋ ਉੱਪਰ ਵਾਲੇ 2-3 ਪੱਤ ਬਿਮਾਰੀ ਤੋਂ ਰਹਿਤ ਰਹਿਣ।

★ ਜਦੋਂ ਪੀਲੀ ਕੁੰਗੀ ਦੀਆਂ ਧਾਰੀਆਂ ਕਾਲੇ ਰੰਗ ਵਿਚ ਬਦਲ ਜਾਣ ਤਾਂ ਉੱਲੀਨਾਸ਼ਕਾਂ ਦੇ ਛਿੜਕਾਅ ਕਰਨ ਦਾ ਕੋਈ ਫਾਇਦਾ ਨਹੀਂ।

**ਅਮਰਜੀਤ ਸਿੰਘ ਅਤੇ ਪਰਮਿੰਦਰ ਸਿੰਘ,**
**ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ**
**ਮੋਬਾਇਲ : 94637-47280**

## ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਮਾਰਚ 2025 ਵਿੱਚ ਲਗਾਏ ਜਾ ਰਹੇ

# ਕਿਸਾਨ ਮੇਲੇ

ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) 5 ਮਾਰਚ (ਬੁੱਧਵਾਰ)

ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) 7 ਮਾਰਚ (ਸ਼ੁੱਕਰਵਾਰ)

ਫਰੀਦਕੋਟ 11 ਮਾਰਚ (ਮੰਗਲਵਾਰ)

ਗੁਰਦਾਸਪੁਰ 13 ਮਾਰਚ (ਵੀਰਵਾਰ)

ਬਠਿੰਡਾ 18 ਮਾਰਚ (ਮੰਗਲਵਾਰ)

ਰੌਣੀ (ਪਟਿਆਲਾ) 25 ਮਾਰਚ (ਮੰਗਲਵਾਰ)

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ
ਦੋ ਰੋਜ਼ਾ ਕਿਸਾਨ ਮੇਲਾ 21 ਅਤੇ 22 ਮਾਰਚ

ਤਿੰਨ ਰੋਜ਼ਾ ਪੂਸਾ ਕ੍ਰਿਸ਼ੀ ਵਿਗਿਆਨ ਕਿਸਾਨ ਮੇਲਾ, ਦਿੱਲੀ ਵਿਖੇ 24 ਤੋਂ 26 ਫਰਵਰੀ ਤੱਕ





## ਸਰਦੀ ਦੀ ਰੁੱਤ ਵਿਚ

# ਸ਼ਹਿਦ ਮੱਖੀ ਕਟੁੰਬਾਂ ਦੀ ਸਾਂਭ-ਸੰਭਾਲ

ਗੁਰਪ੍ਰੀਤ ਸਿੰਘ ਮੱਕੜ ਅਤੇ ਰਿਤੂ ਰਾਜ,
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ

ਪੰਜਾਬ 'ਚ ਆਮ ਤੌਰ 'ਤੇ ਦਸੰਬਰ ਤੋਂ ਅੱਧ ਫਰਵਰੀ ਤੱਕ ਵਧੇਰੇ ਠੰਢ ਪੈਂਦੀ ਹੈ ਅਤੇ ਤੇਜ਼ ਠੰਢੀਆਂ ਹਵਾਵਾਂ, ਧੁੰਦ ਅਤੇ ਬੱਦਲਵਾਈ ਕਾਰਨ ਮੌਸਮ ਅਣਸੁਖਾਵਾਂ ਹੋ ਜਾਂਦਾ ਹੈ। ਸਰਦੀ ਵਧਣ ਨਾਲ ਸ਼ਹਿਦ ਮੱਖੀਆਂ ਨੂੰ ਕਟੁੰਬ ਤੋਂ ਬਾਹਰ ਕੰਮ ਕਰਨ ਲਈ ਬਹੁਤ ਘੱਟ ਸਮਾਂ ਮਿਲਦਾ ਹੈ ਅਤੇ ਦਿਨ ਦਾ ਜ਼ਿਆਦਾ ਸਮਾਂ ਉਹ ਕਟੁੰਬ 'ਚ ਹੀ ਰਹਿੰਦੀਆਂ ਹਨ। ਇਨ੍ਹਾਂ ਹਾਲਤਾਂ ਅਨੁਸਾਰ ਅਗੇਤੇ ਯੋਗ ਉਪਰਾਲੇ ਨਾ ਕੀਤੇ ਜਾਣ ਤਾਂ ਕਟੁੰਬ 'ਚ ਸ਼ਹਿਦ ਮੱਖੀਆਂ ਦੀ ਗਿਣਤੀ, ਬਰੂਡ ਦੀ ਮਾਤਰਾ ਅਤੇ ਖੁਰਾਕ 'ਚ ਭਾਰੀ ਕਮੀ ਆ ਸਕਦੀ ਹੈ। ਇਸ ਲਈ ਸਰਦੀ ਰੁੱਤ 'ਚ ਕਟੁੰਬਾਂ ਨੂੰ ਮਿਲਾਉਣਾ, ਕਟੁੰਬਾਂ ਨੂੰ ਸਰਦੀ ਦੀ ਅੰਦਰਲੀ ਅਤੇ ਬਾਹਰਲੀ ਪੈਕਿੰਗ ਦੇਣੀ, ਖੁਰਾਕ ਦੀ ਕਮੀ ਪੂਰੀ ਕਰਨੀ ਅਤੇ ਵਾਧੂ ਛੱਤੇ ਸੰਭਾਲਣ ਆਦਿ ਕੰਮਾਂ ਦੀ ਯੋਜਨਾਬੰਦੀ ਅਗੇਤੀ ਕਰੋ ਤਾਂ ਜੋ ਕਟੁੰਬਾਂ ਦੇ ਕੰਮ 'ਚ ਤੇਜ਼ੀ ਲਿਆਂਦੀ ਜਾ ਸਕੇ ਅਤੇ ਸ਼ਹਿਦ ਮੱਖੀਆਂ ਸਫਲਤਾ ਪੂਰਵਕ ਸਰਦੀ ਲੰਘਾ ਸਕਣ।

**ਕਟੁੰਬਾਂ ਦਾ ਨਿਰੀਖਣ ਕਰਨਾ** : ਕਿਸੇ ਸ਼ਾਂਤ ਸਾਫ ਧੁੱਪ ਵਾਲੇ ਦਿਨ ਕਟੁੰਬਾਂ ਦਾ ਨਿਰੀਖਣ ਦੁਪਹਿਰ ਵੇਲੇ ਕਰੋ। ਨਿਰੀਖਣ ਸਮੇਂ ਰਾਣੀ ਮੱਖੀ ਦੇ ਕੰਮ-ਕਾਜ ਦਾ ਜਾਇਜ਼ਾ ਲਵੋ ਅਤੇ ਪੁਰਾਣੀ ਰਾਣੀ ਨੂੰ ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਬਦਲ ਦਿਓ। ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਕਮਜ਼ੋਰ ਕਟੁੰਬਾਂ ਨੂੰ ਤਕੜੇ ਕਟੁੰਬਾਂ 'ਚੋਂ ਬਰੂਡ ਵਾਲੇ ਛੱਤੇ, ਸ਼ਹਿਦ ਮੱਖੀਆਂ ਤੋਂ ਬਿਨਾਂ ਕੱਢ ਕੇ ਦੇਣ ਨਾਲ ਉਨ੍ਹਾਂ ਦੀ ਬਲਤਾਂ ਵਧਾਈ ਜਾ ਸਕਦੀ ਹੈ ਜਾਂ ਫਿਰ ਘੱਟ ਬਲਤਾਂ ਵਾਲੇ ਕਮਜ਼ੋਰ ਕਟੁੰਬਾਂ ਨੂੰ ਆਪਸ 'ਚ ਮਿਲਾ ਦਿਓ।

**ਕਟੁੰਬਾਂ ਲਈ ਧੁੱਪ ਦਾ ਪ੍ਰਬੰਧ ਕਰਨਾ** : ਸਰਦੀ ਰੁੱਤ ਤੋਂ ਪਹਿਲਾਂ ਕਟੁੰਬ ਦਰੱਖਤਾਂ ਦੀ ਛਾਂ ਥੱਲੇ ਪਏ ਹੁੰਦੇ ਹਨ ਪਰ ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਨੂੰ ਧੁੱਪੇ ਰੱਖਣ ਲਈ ਅਗੇਤਾ ਪ੍ਰਬੰਧ ਕਰ ਲੈਣਾ ਚਾਹੀਦਾ ਹੈ। ਸ਼ਹਿਦ ਮੱਖੀ ਕਟੁੰਬਾਂ ਨੂੰ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਖਿਸਕਾਉਣ ਵੇਲੇ 'ਤਿੰਨ ਫੁੱਟ ਜਾਂ ਤਿੰਨ ਕਿਲੋਮੀਟਰ' ਵਾਲੇ ਸੁਨਹਿਰੀ ਅਸੂਲ ਨੂੰ ਅਪਣਾਓ। ਇਸ ਤੋਂ ਭਾਵ ਕਿ ਜੇਕਰ ਕਟੁੰਬਾਂ ਨੂੰ ਉਸੇ ਫਾਰਮ 'ਤੇ ਛਾਂ ਤੋਂ ਧੁੱਪ ਵੱਲ ਲਿਜਾਣਾ ਹੋਵੇ ਤਾਂ ਕੁਟੰਬਾਂ ਨੂੰ ਹਰ ਰੋਜ਼ 3-3 ਫੁੱਟ ਖਿਸਕਾਓ। ਪਰੰਤੂ ਜੇਕਰ ਫਾਰਮ 'ਤੇ ਧੁੱਪ ਦਾ ਕੋਈ ਵੀ ਪ੍ਰਬੰਧ ਨਾ ਹੋਵੇ ਤਾਂ ਕਟੁੰਬਾਂ ਦੇ ਗੇਟ ਰਾਤ ਨੂੰ ਬੰਦ ਕਰਕੇ, 3 ਕਿਲੋਮੀਟਰ ਤੋਂ ਵੱਧ ਦੂਰ ਲਿਜਾ ਕੇ ਧੁੱਪੇ ਰੱਖੋ ਅਤੇ ਗੇਟ ਖੋਲ੍ਹ ਦਿਓ। ਸਰਦੀ ਰੁੱਤ 'ਚ ਕਟੁੰਬਾਂ ਦੇ ਮੂੰਹ ਪੂਰਬ-ਦੱਖਣ ਦਿਸ਼ਾ ਵੱਲ ਰੱਖੋ ਤਾਂ ਕਿ ਦਿਨ ਦੇ ਵਧੇਰੇ ਸਮੇਂ ਕਟੁੰਬ 'ਚ ਧੁੱਪ ਦਾ ਨਿੱਘ ਮਿਲ ਸਕੇ।

**ਕਟੁੰਬਾਂ ਨੂੰ ਠੰਢੀਆਂ ਹਵਾਵਾਂ ਤੋਂ ਬਚਾਉਣਾ** : ਸਰਦੀ ਰੁੱਤ 'ਚ ਅਕਸਰ ਲਹਿੰਦੀ ਦਿਸ਼ਾ ਵਲੋਂ ਵਗਦੀਆਂ ਹਵਾਵਾਂ ਸ਼ਹਿਦ ਮੱਖੀਆਂ ਨੂੰ ਕਟੁੰਬ ਅੰਦਰਲਾ ਤਾਪਮਾਨ ਸੁਖਾਵਾਂ ਬਣਾਈ ਰੱਖਣ 'ਚ ਔਖ ਪੇਸ਼ ਕਰਦੀਆਂ ਹਨ। ਇਸ ਗੱਲ ਦਾ ਖਾਸ ਖਿਆਲ ਰੱਖੋਂ ਕਿ ਕਟੁੰਬ ਵਿਚਲੀਆਂ ਸਾਰੀਆਂ ਤਰੇੜਾਂ, ਝੀਥਾਂ ਗਾਰੇ ਨਾਲ ਲੇਪੀਆਂ ਹੋਣ ਤਾਂ ਜੋ ਠੰਢੀਆਂ ਹਵਾਵਾਂ ਗੇਟ ਤੋਂ ਇਲਾਵਾ ਹੋਰ ਕਿਧਰੋਂ ਕਟੁੰਬ 'ਚ ਦਾਖਲ ਨਾ ਹੋ ਸਕਣ। ਲੋੜ ਅਨੁਸਾਰ ਕਟੁੰਬ ਦਾ ਗੇਟ ਵੀ ਛੋਟਾ ਕੀਤਾ ਜਾ ਸਕਦਾ ਹੈ। ਸ਼ਹਿਦ ਮੱਖੀ ਫਾਰਮ 'ਤੇ ਸਰਦੀ ਤੋਂ ਬਚਾਓ ਨਹੀ ਬੂਟਿਆਂ ਦੀ ਵਾੜ ਇਕ ਸਥਾਈ ਹੱਲ ਪ੍ਰਦਾਨ ਕਰਦੀ ਹੈ।

**ਕਮਜ਼ੋਰ ਕਟੁੰਬਾਂ ਨੂੰ ਆਪਸ 'ਚ ਮਿਲਾਉਣਾ** : ਕਮਜ਼ੋਰ ਜਾਂ ਰਾਣੀ-ਰਹਿਤ ਕਟੁੰਬ ਸਫਲਤਾ-ਪੂਰਵਕ ਸਰਦੀ ਰੁੱਤ ਨਹੀਂ ਲੰਘਾ ਪਾਉਂਦੇ ਅਤੇ ਇਸ ਲਈ ਅਜਿਹੇ ਕਟੁੰਬਾਂ ਨੂੰ ਹੋਰ ਕਟੁੰਬਾਂ ਨਾਲ ਮਿਲਾ ਕੇ ਤਕੜੇ ਕਰ ਦੇਣਾ ਚਾਹੀਦਾ ਹੈ। ਇਸ ਲਈ ਅਖਬਾਰ ਵਾਲਾ ਤਰੀਕਾ ਸਭ ਤੋਂ ਸੌਖਾ ਅਤੇ ਕਾਮਯਾਬ ਹੈ। ਇਸ ਕੰਮ ਲਈ ਦੋਹਾਂ ਮਿਲਾਉਣ ਯੋਗ ਕਟੁੰਬਾਂ 'ਚੋਂ ਜ਼ਿਆਦਾ ਬਲਦਾਂ ਵਾਲੇ ਰਾਣੀ ਸਹਿਤ ਕਟੁੰਬ ਦਾ ਉਪਰਲਾ ਢੱਕਣ ਅਤੇ ਅੰਦਰਲਾ ਢੱਕਣ ਹਟਾਉਣ ਤੋਂ ਬਾਅਦ ਫਰੇਮਾਂ ਦੇ ਉਪਰਲੇ ਡੰਡਿਆਂ ਉੱਪਰ ਅਖਬਾਰ ਵਿਛਾ ਦਿਉ। ਇਸ ਅਖਬਾਰ 'ਚ ਖੁਰਪੀ ਨਾਲ ਛੋਟੇ-ਛੋਟੇ ਟੱਕ ਅਖਬਾਰ ਵਿਛਾਉਣ ਤੋਂ ਪਹਿਲਾਂ ਹੀ ਕਰ ਲਉ ਪਰ ਧਿਆਨ ਰੱਖੋ ਕਿ ਟੱਕ ਇੰਨ੍ਹੇ ਵੱਡੇ ਨਾ ਹੋਣ ਕਿ ਉਸ 'ਚੋਂ ਮੱਖੀਆਂ ਲੰਘ ਸਕਣ। ਹੁਣ ਮਿਲਾਉਣ ਯੋਗ ਦੂਜੇ ਰਾਣੀ ਰਹਿਤ ਕਟੁੰਬ ਨੂੰ ਉਸ ਦੇ ਬੌਟਮ ਬੋਰਡ ਤੋਂ ਚੱਕ ਕੇ ਰਾਣੀ ਸਹਿਤ ਕਟੁੰਬ ਦੇ ਫਰੇਮਾਂ ਉੱਪਰ ਵਿਛਾਈ ਅਖਬਾਰ ਉੱਪਰ ਟਿਕਾ ਦਿਓ ਅਤੇ ਇਸ ਉੱਪਰ ਅੰਦਰਲਾ ਅਤੇ ਬਾਹਰਲਾ ਢੱਕਣ ਲਗਾ ਦਿਓ। ਦੋ ਚੈਂਬਰਾਂ ਨੂੰ ਗਾਰੇ ਨਾਲ ਲਿਪ ਕੇ ਮੱਖੀ ਬੰਦ ਕਰ ਦਿਉ। ਹੁਣ ਦੋਨਾਂ ਚੈਂਬਰਾਂ ਦੀਆਂ ਸ਼ਹਿਦ ਮੱਖੀਆਂ ਦੇ ਵਿਚਕਾਰ ਸਿਰਫ ਛੋਟੇ ਛੇਕਾਂ ਵਾਲੀ ਅਖਬਾਰ ਹੈ। ਇਸ ਅਖਬਾਰ ਦੀਆਂ ਮੋਰੀਆਂ ਰਾਹੀਂ ਦੋਨਾਂ ਚੈਂਬਰਾਂ ਦੀਆਂ ਮੱਖੀਆਂ ਸੁਗੰਧ ਮਿਲ ਕੇ ਇਕ ਹੋ ਜਾਂਦੀ ਹੈ ਅਤੇ ਤਿੰਨ-ਚਾਰ ਦਿਨਾਂ ਦੇ ਅੰਦਰ ਸ਼ਹਿਦ ਮੱਖੀਆਂ ਆਪ ਹੀ ਅਖਬਾਰ ਦੇ ਛੇਕ ਵੱਡੇ ਕਰ ਕੇ ਇਕ-ਮਿਕ ਹੋ ਜਾਂਦੀਆਂ ਹਨ। ਕਟੁੰਬਾਂ ਨੂੰ ਆਪਸ 'ਚ ਮਿਲਾਉਣਾ ਦਾ ਕੰਮ ਕੇਵਲ ਸ਼ਾਮ ਵੇਲੇ ਕਰੋ ਜਦੋਂ ਸਾਰੀਆਂ ਮੱਖੀਆਂ ਛੱਤੇ 'ਚ ਵਾਪਸ ਆ ਜਾਣ।

**ਸ਼ਹਿਦ ਮੱਖੀ ਕਟੁੰਬਾਂ ਨੂੰ ਅੰਦਰਲੀ ਅਤੇ ਬਾਹਰਲੀ ਪੈਕਿੰਗ ਦੇਣੀ** : ਸ਼ਹਿਦ ਮੱਖੀਆਂ ਉੱਪਰ ਆਪਣੇ ਵਾਤਾਵਰਨ ਦਾ ਬਹੁਤ ਵਧੇਰੇ ਪ੍ਰਭਾਵ ਪੈਂਦਾ ਹੈ। ਹਾਲਾਂ ਕਿ ਸ਼ਹਿਦ ਮੱਖੀਆਂ ਝੁੰਡ ਬਣਾ ਆਪਣੇ ਕਟੁੰਬ ਦਾ ਤਾਪਮਾਨ ਨਿਯੰਤ੍ਰਿਤ ਕਰ ਸਕਦੀਆਂ ਹਨ ਪਰ ਸਰਦੀਆਂ ਦੀ ਪੈਕਿੰਗ ਦੇਣ ਨਾਲ ਉਨ੍ਹਾਂ ਦਾ ਕੰਮ ਆਸਾਨ ਹੋ ਜਾਂਦਾ ਹੈ ਅਤੇ ਕਟੁੰਬ ਦਾ ਤਾਪਮਾਨ ਨਿਯੰਤ੍ਰਿਤ ਕਰਨ ਲਈ ਉਨ੍ਹਾਂ ਨੂੰ ਵਧੇਰੇ ਉਰਜਾ ਖਰਚ ਨਹੀਂ ਕਰਨੀ ਪੈਂਦੀ। ਅੰਦਰਲੀ ਪੈਕਿੰਗ ਦੀ ਲੋੜ ਆਮ ਤੌਰ 'ਤੇ ਘੱਟ ਬਲਤਾਂ ਵਾਲੇ ਕਮਜ਼ੋਰ ਕਟੁੰਬਾਂ ਨੂੰ ਪੈਂਦੀ ਹੈ। ਦਸ ਫਰੇਮ ਬਲਤਾਂ ਵਾਲੇ ਕਟੁੰਬ ਨੂੰ ਅੰਦਰਲੀ ਪੈਕਿੰਗ ਦੀ ਲੋੜ ਨਹੀਂ ਹੁੰਦੀ। ਅੰਦਰਲੀ ਪੈਕਿੰਗ ਤੋਂ ਭਾਵ ਕਟੁੰਬ ਦੇ ਅੰਦਰ ਖਾਲੀ ਥਾਂ 'ਚ ਸੁੱਕੀ ਪਰਾਲੀ ਨੂੰ ਅਖਬਾਰ ਜਾਂ ਮੋਮੀ ਲਿਫਾਫੇ 'ਚ ਭਰ ਕੇ ਦਿਓ। ਜੇਕਰ ਕਟੁੰਬ 'ਚ 6-7 ਫਰੇਮ ਮੱਖੀਆਂ ਹਨ ਤਾਂ ਇਹ ਸਾਰੇ ਛੱਤੇ ਕਟੁੰਬ 'ਚ ਇਕ ਪਾਸੇ ਵੱਲ ਧੱਕ ਕੇ ਅਖੀਰਲੇ ਛੱਤੇ ਨਾਲ ਡੰਮੀ ਬੋਰਡ ਲਗਾ ਦਿਓ ਅਤੇ ਖਾਲੀ ਬਚੀ ਥਾਂ 'ਚ ਪੈਕਿੰਗ ਭਰ ਦਿਓ। ਜੇਕਰ ਕਟੁੰਬ ਕਮਜ਼ੋਰ ਹਨ (4-5 ਫਰੇਮ) ਤਾਂ ਸਾਰੇ ਫਰੇਮ ਹਾਈਵ ਦੇ ਵਿਚਕਾਰ ਖਿਸਕਾ ਦਿਓ ਅਤੇ ਦੋਹਾਂ ਪਾਸੇ ਡੰਮੀ ਬੋਰਡ ਲਗਾ ਕੇ ਪੈਕਿੰਗ ਭਰ ਦਿਓ। ਬਾਹਰਲੀ ਪੈਕਿੰਗ ਤੋਂ ਭਾਵ ਹੈ ਹਾਈਵ ਦੇ ਬਾਹਰਲੇ ਸਾਰੇ ਪਾਸਿਓਂ ਢੱਕ ਦੇਣਾ। ਇਸ ਲਈ ਹਾਈਵ ਸਟੈਂਡ ਅਤੇ ਬੌਟਮ ਬੋਰਡ ਵਿਚਕਾਰ 2 ਇੰਚ ਮੋਟੀ ਸੁੱਕੀ ਪਰਾਲੀ ਵਿਛਾ ਦਿਓ ਅਤੇ ਆਸੇ-ਪਾਸੇ ਵਲੋਂ ਜਾਂ ਜ਼ਮੀਨ ਨਾਲ ਲਗਦੀ ਵਾਧੂ ਪਰਾਲੀ ਕੱਟ ਦਿਓ। ਹੁਣ ਹਾਈਵ ਨੂੰ ਚਾਰੇ ਪਾਸਿਓਂ ਕਿਸੇ ਮੋਮੀ ਕਾਗਜ਼ ਨਾਲ ਲਪੇਟ ਦਿਓ ਪਰ ਕਟੁੰਬ ਦਾ ਗੇਟ ਨਾ ਬੰਦ ਕਰੋ। ਸ਼ਹਿਦ ਮੱਖੀ ਪਾਲਕ ਇਹ ਯਕੀਨੀ ਬਣਾਉਣ ਕਿ ਪੈਕਿੰਗ ਦੇਣ ਤੋਂ ਪਹਿਲਾਂ ਕਟੁੰਬ 'ਚ ਬਲਤਾ ਅਨੁਸਾਰ 3-5 ਕਿਲੋ ਖੁਰਾਕ ਹੋਵੇ।

**ਖੁਰਾਕ ਦੇਣਾ** : ਸਰਦੀ ਲੰਘਾਉਣ ਵਾਸਤੇ ਕਟੁੰਬਾਂ 'ਚ ਲੋੜ ਅਨੁਸਾਰ ਖੁਰਾਕ ਛੱਡ ਦੇਣੀ ਚਾਹੀਦੀ ਹੈ ਪਰ ਜੇਕਰ ਫਿਰ ਵੀ ਖੁਰਾਕ ਦੀ ਕਮੀ ਹੋਵੇ ਤਾਂ ਸ਼ਹਿਦ ਮੱਖੀਆਂ ਨੂੰ ਖੰਡ ਅਤੇ ਪਾਣੀ ਦਾ ਗਾੜ੍ਹਾ ਘੋਲ 2:1 ਅਨੁਪਾਤ 'ਚ ਬਣਾ ਕੇ ਖਾਲੀ ਛੱਤਿਆਂ 'ਚ ਭਰ ਕੇ ਦਿਓ।

**ਵਾਧੂ ਛੱਤੇ ਸੰਭਾਲਣਾ** : ਸਰਦੀ ਦੇ ਮੌਸਮ ਦੌਰਾਨ ਕਟੁੰਬ 'ਚ ਫਾਲਤੂ ਪਏ ਛੱਤਿਆਂ ਨੂੰ ਬਾਹਰ ਕੱਢ ਕੇ ਅਗਲੀ ਬਹਾਰ ਰੁੱਤ ਲਈ ਗੰਧਕ ਦੀ ਧੂਣੀ ਦੇ ਕੇ ਸਾਂਭ ਲਉ। ਇਸ ਨਾਲ ਨਾ ਕੇਵਲ ਵਾਧੂ ਖਾਲੀ ਛੱਤਿਆਂ ਦੀ ਸੰਭਾਲ ਹੋ ਜਾਂਦੀ ਹੈ, ਸਗੋਂ ਕਟੁੰਬਾਂ ਵਿਚ ਸ਼ਹਿਦ ਮੱਖੀਆਂ ਨੂੰ ਕਟੁੰਬ ਦਾ ਤਾਪਮਾਨ ਨਿਯੰਤ੍ਰਿਤ ਕਰਨ ਵਿਚ ਵੀ ਮੁਸ਼ਕਿਲ ਪੇਸ਼ ਨਹੀਂ ਆਉਂਦੀ।

## ਖੁੰਬ, ਸ਼ੂਗਰ ਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਦਵਾਈ ਦਾ ਕੰਮ ਕਰਦੀ ਹੈ

# ਮਾਰਚ ਮਹੀਨੇ ਤੱਕ ਕਰੋ ਢੀਂਗਰੀ ਖੁੰਬ ਦੀ ਕਾਸ਼ਤ

ਜਦੋਂ ਵੀ ਕਿਤੇ ਖੇਤੀ ਨਾਲ ਸਹਾਇਕ ਧੰਦੇ ਕਰਨ ਦੀ ਗੱਲ ਚੱਲਦੀ ਹੈ ਤਾਂ ਪੰਜਾਬ ਵਿੱਚ ਵੱਡੀ ਗਿਣਤੀ ਕਿਸਾਨ ਇਨ੍ਹਾਂ ਧੰਦਿਆਂ ਨੂੰ ਕਰਨ ਲਈ ਤਿਆਰ ਹੀ ਨਹੀਂ ਹੁੰਦਾ। ਜਿਸ ਦਾ ਸਭ ਤੋਂ ਵੱਡਾ ਕਾਰਨ ਪਿਛਾਂਹ-ਖਿੱਚੂ ਸਮਾਜ ਅਤੇ ਕਿਸਾਨ ਦਾ ਅਗਾਂਹਵਧੂ ਨਾ ਹੋਣਾ ਹੈ, ਪਰ ਤੇਜ਼ੀ ਨਾਲ ਵੱਧ ਰਹੇ ਪ੍ਰਸੰਗ ਵਿੱਚ ਹੁਣ ਅਜਿਹੀਆਂ ਧਾਰਨਾਵਾਂ ਦਾ ਕੋਈ ਮਹੱਤਵ ਨਹੀਂ ਰਿਹਾ, ਕਿਉਂਕਿ ਹਰ ਦਿਨ ਵੱਧ ਰਹੀ ਮਹਿੰਗਾਈ ਵਿੱਚ ਇਹ ਜ਼ਰੂਰੀ ਹੋ ਗਿਆ ਹੈ ਕਿ ਖੇਤੀ ਨਾਲ ਸਹਾਇਕ ਧੰਦੇ ਅਪਣਾਏ ਜਾਣ, ਜਿਨ੍ਹਾਂ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਣ ਦੇ ਨਾਲ ਹੀ ਵਿਹਲੇ ਸਮੇਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।



ਖੁੰਬਾਂ ਦੀ ਕਾਸ਼ਤ ਕਿਸਾਨਾਂ ਲਈ ਬਹੁਤ ਹੀ ਵਧੀਆ ਆਮਦਨ ਦਾ ਸਾਧਨ ਬਣ ਸਕਦੀ ਹੈ। ਖੁੰਬ ਵੀ ਹੋਰਨਾਂ ਉੱਲੀਆਂ ਦੀ ਤਰ੍ਹਾਂ ਇੱਕ ਉੱਲੀ ਹੈ। ਉੱਲੀਆਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਕੁਝ ਲਾਭਦਾਇਕ ਹੁੰਦੀਆਂ ਹਨ। ਖੁੰਬ ਇੱਕ ਸਫੈਦ ਰੰਗ ਦੀ ਗੋਲ ਜਿਹੇ ਆਕਾਰ ਵਰਗੀ ਟੋਪੀ ਹੁੰਦੀ ਹੈ। ਖੁੰਬ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਦਵਾਈ ਦਾ ਕੰਮ ਕਰਦੀ ਹੈ। ਭਾਵੇਂ ਕਈ ਖੁੱਲ੍ਹੀਆਂ ਪਈਆਂ ਥਾਵਾਂ 'ਤੇ ਵੀ ਖੁੰਬ ਉੱਗੀ ਹੋਈ ਵੇਖਦੇ ਹਾਂ, ਜਿਵੇਂ ਰੂੜੀ, ਪਰਾਲੀ, ਰੂੜੀ ਦੇ ਢੇਰ ਨਹਿਰਾਂ ਆਦਿ ਦੇ ਕਿਨਾਰੇ, ਅਜਿਹੀਆਂ ਥਾਂਵਾਂ 'ਤੇ ਪੈਦਾ ਹੋਣ ਵਾਲੀਆਂ ਖੁੰਬਾਂ ਜ਼ਹਿਰੀਲੀਆਂ ਵੀ ਹੋ ਸਕਦੀਆਂ ਹਨ। ਕਿਉਂਕਿ ਖੁੰਬ ਦੀ ਪੈਦਾਵਾਰ ਵਾਲੀ ਜ਼ਮੀਨ ਹੇਠਾਂ ਕੋਈ ਵੀ ਜ਼ਹਿਰੀਲੀ ਚੀਜ਼ ਹੋ ਸਕਦੀ ਹੈ, ਜਿਸ ਕਰਕੇ ਫਾਰਮਾਂ ਅੰਦਰ ਪੈਦਾ ਕੀਤੀਆਂ ਖੁੰਬਾਂ ਹੀ ਖਾਣ ਯੋਗ ਮੰਨੀਆਂ ਜਾ ਸਕਦੀਆਂ ਹਨ।

ਪੰਜਾਬ ਅਤੇ ਹਰਿਆਣਾ ਸੂਬੇ ਵਿੱਚ ਤਿੰਨ ਕਿਸਮ ਦੀਆਂ ਖੁੰਬਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਪਹਿਲੀ ਬਟਨ ਖੁੰਬ, ਦੂਸਰੀ ਢੀਂਗਰੀ ਅਤੇ ਤੀਸਰੀ ਪਰਾਲੀ ਵਾਲੀ ਖੁੰਬ। ਭਾਵੇਂ ਕਿ ਮੌਸਮ ਦੇ ਹਿਸਾਬ ਨਾਲ ਠੰਢੇ ਇਲਾਕਿਆਂ ਵਿੱਚ ਸਾਰਾ ਸਾਲ ਬਟਨ ਖੁੰਬ ਦੀ ਕਾਸ਼ਤ ਕੀਤੀ ਜਾ ਸਕਦੀ ਹੈ, ਪਰ ਪੰਜਾਬ/ਹਰਿਆਣਾ ਵਿੱਚ ਸਮੇਂ ਅਤੇ ਮੌਸਮ ਦੇ ਹਿਸਾਬ ਨਾਲ ਤਿੰਨ ਕਿਸਮਾਂ ਹੀ ਬੀਜੀਆਂ ਜਾ ਸਕਦੀਆਂ ਹਨ।

ਢੀਂਗਰੀ ਖੁੰਬ ਦੀ ਬਿਜਾਈ ਲਈ ਕੁਤਰੀ ਹੋਈ ਪਰਾਲੀ ਦੀ ਲੋੜ ਹੁੰਦੀ ਹੈ। ਇਸ ਦੀ ਬਿਜਾਈ ਨਵੰਬਰ ਤੋਂ ਮਾਰਚ ਤੱਕ ਕੀਤੀ ਜਾਂਦੀ ਹੈ। ਪਰਾਲੀ ਨੂੰ 24 ਘੰਟੇ ਲਈ ਸਾਫ਼ ਪਾਣੀ ਨਾਲ ਗਿੱਲਾ ਕਰਕੇ ਰੱਖਿਆ ਜਾਂਦਾ ਹੈ। ਬੀਜਣ ਤੋਂ ਪਹਿਲਾਂ ਪਾਣੀ ਦੀ ਮਾਤਰਾ 70 ਫੀਸਦੀ ਤੱਕ ਹੋਣੀ ਚਾਹੀਦੀ ਹੈ। ਢੀਂਗਰੀ ਦੀ ਬਿਜਾਈ ਲਈ ਲਿਫਾਫੇ ਵਰਤੇ ਜਾਂਦੇ ਹਨ। ਇੱਕ ਕਿਲੋ ਸੁੱਕੀ ਤੂੜੀ ਵਿੱਚ 100 ਗ੍ਰਾਮ ਬੀਜ ਪੈਂਦਾ ਹੈ। ਪੈਦਾਵਾਰ ਦੇ ਹਿਸਾਬ ਨਾਲ ਰੂੜੀ ਵਿੱਚ ਬੀਜ ਮਿਲਾ ਕੇ ਲਿਫਾਫੇ ਤੂੜੀ



ਨਾਲ ਚੰਗੀ ਤਰ੍ਹਾਂ ਭਰ ਦਿਉ ਅਤੇ ਲਿਫਾਫਿਆਂ ਦਾ ਮੂੰਹ ਬੰਨ੍ਹ ਕੇ ਹੇਠਲੇ ਖੂੰਝੇ ਕੱਟ ਦਿਉ। 15-20 ਦਿਨ ਪਾਣੀ ਦੇਣ ਦੀ ਕੋਈ ਲੋੜ ਨਹੀਂ ਪੈਂਦੀ। ਇਸ ਸਮੇਂ ਦੌਰਾਨ ਉੱਲੀ ਫੈਲਣ ਦੇ ਬਾਅਦ ਲਿਫਾਫੇ ਕੱਟ ਕੇ ਅਲੱਗ ਕਰ ਦਿਉ ਅਤੇ ਮੌਸਮ ਦੇ ਹਿਸਾਬ ਨਾਲ ਇੱਕ ਜਾਂ ਦੋ ਵਾਰੀ ਪਾਣੀ ਪਾਉ। ਇਹ ਫ਼ਸਲ 30-35 ਦਿਨ ਚੱਲਦੀ ਹੈ। ਇਸ ਦੀਆਂ ਦੋ ਕਿਸਮਾਂ ਸਫੈਦ ਢੀਂਗਰੀ ਅਤੇ ਭੂਰੀ ਬੀਜੀ ਜਾਂਦੀ ਹੈ। ਇੱਕ ਕਿਲੋ ਤੂੜੀ ਵਿੱਚੋਂ 400-500 ਗ੍ਰਾਮ ਢੀਂਗਰੀ ਨਿਕਲਦੀ ਹੈ।

- ਬ੍ਰਿਸਭਾਨ ਬੁਜਰਕ, ਕਾਹਨਗੜ੍ਹ ਰੋਡ, ਪਾਤੜਾਂ



# ਕਣਕ ਦੀ ਫਸਲ 'ਚ ਨਦੀਨਾਂ ਦੀ ਰੋਕਥਾਮ

ਡਾ. ਅਮਰੀਕ ਸਿੰਘ, ਮੁੱਖ ਖੇਤੀਬਾੜੀ ਅਫਸਰ, ਫਰੀਦਕੋਟ (ਮੋ. 94630-71919)

**ਕਣਕ ਪੰਜਾਬ ਦੀ ਮੁੱਖ ਫਸਲ ਹੈ, ਜਿਸ ਤੋਂ ਸਾਲ 2024-25 ਦੌਰਾਨ ਤਕਰੀਬਨ 34 ਲੱਖ 95 ਹਜ਼ਾਰ ਹੈਕਟੇਅਰ ਰਕਬੇ ਵਿਚ ਕਾਸ਼ਤ ਕੀਤੀ ਗਈ ਹੈ । ਕਣਕ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਨੂੰ ਪ੍ਰਭਾਵਿਤ ਕਰਨ ਵਿਚ ਕੀੜੇ, ਬਿਮਾਰੀਆਂ ਅਤੇ ਨਦੀਨ ਅਹਿਮ ਭੂਮਿਕਾ ਨਿਭਾਉਂਦੇ ਹਨ । ਕਣਕ ਦੀ ਫਸਲ ਵਿਚ ਜੇਕਰ ਨਦੀਨਾਂ ਦੀ ਸਮੇਂ ਸਿਰ ਰੋਕਥਾਮ ਨਾ ਕੀਤੀ ਜਾਵੇ ਤਾਂ ਪ੍ਰਤੀ ਹੈਕਟੇਅਰ 20-50% ਪੈਦਾਵਾਰ ਘੱਟ ਸਕਦੀ ਹੈ ।**

ਮੁੱਖ ਤੌਰ 'ਤੇ ਕਣਕ ਦੀ ਫਸਲ ਵਿਚ ਗੁੱਲੀ ਡੰਡਾ ਅਤੇ ਜੰਗਲੀ ਜਵੀ ਨਾਮਕ, ਨਦੀਨਾਂ ਤੋਂ ਇਲਾਵਾ ਚੌੜੇ ਪੱਤਿਆਂ ਵਾਲੇ ਨਦੀਨ ਜਿਵੇਂ ਬਾਥੂ, ਜੰਗਲੀ ਪਾਲਕ, ਮੈਣਾ, ਮੈਣੀ, ਬਟਨ ਬੂਟੀ, ਕੰਡਿਆਲੀ ਪਾਲਕ, ਪਿੱਤ ਪਾਪੜਾ, ਜੰਗਲੀ ਸੇਂਜੀ, ਬਟਨ ਬੂਟੀ ਆਦਿ ਨਦੀਨ ਪੈਦਾਵਾਰ ਨੂੰ ਪ੍ਰਭਾਵਤ ਕਰਦੇ ਹਨ। ਜੇਕਰ ਇਨ੍ਹਾਂ ਸਾਰੇ ਨਦੀਨਾਂ ਦੀ ਰੋਕਥਾਮ ਲਈ ਚਾਰ ਸੱਸੇ ਯਾਦ ਰੱਖਣੇ ਬਹੁਤ ਜ਼ਰੂਰੀ ਹਨ, ਜਿਨ੍ਹਾਂ ਵਿਚ ਸਿਫਾਰਿਸ਼ਸ਼ੁਦਾ ਸਹੀ ਨਦੀਨ ਨਾਸ਼ਕ ਨੂੰ ਸਹੀ ਸਮੇਂ, ਸਹੀ ਪਾਣੀ ਦੀ ਮਿਕਦਾਰ ਦੇ ਘੋਲ ਵਿਚ ਸਹੀ ਛਿੜਕਾਅ ਤਕਨੀਕ ਵਰਤ ਕੇ ਇਸਤੇਮਾਲ ਕੀਤਾ ਜਾਵੇ ਤਾਂ ਪ੍ਰਤੀ ਹੈਕਟੇਅਰ ਪੈਦਾਵਾਰ ਵਿਚ ਵਾਧਾ ਕੀਤਾ ਜਾ ਸਕਦਾ ਹੈ ।

## ਘਾਹ ਪੱਤੀ ਵਾਲੇ ਨਦੀਨ

ਕਣਕ ਦੀ ਫਸਲ ਵਿਚ ਘਾਹ ਪੱਤੀ ਵਾਲੇ ਨਦੀਨ ਜਿਵੇਂ ਗੁੱਲੀ ਡੰਡਾ ਅਤੇ ਜੰਗਲੀ ਜਵੀ ਨਦੀਨ ਮੁੱਖ ਤੌਰ 'ਤੇ ਪਾਏ ਜਾਂਦੇ ਹਨ। ਪਿਛਲੇ ਕਾਫੀ ਸਮੇਂ ਤੋਂ ਗੁੱਲੀ ਡੰਡੇ ਦੀ ਰੋਕਥਾਮ ਲਈ ਕਿਸਾਨਾਂ ਵੱਲੋਂ ਆਈਸੋ-ਪ੍ਰੋਟਯੂਰਾਨ ਨਾਂ ਦੇ ਨਦੀਨ ਨਾਸ਼ਕ ਦੀ ਵਰਤੋਂ ਕਰਨ ਨਾਲ ਗੁੱਲੀ ਡੰਡੇ ਵਿਚ ਸਹਿਣਸ਼ੀਲਤਾ ਵਧਣ ਕਾਰਨ ਅੜੀਅਲ ਹੋ ਗਿਆ ਹੈ, ਇਸ ਲਈ ਗੁੱਲੀ ਡੰਡੇ ਦੀ ਰੋਕਥਾਮ ਲਈ ਨਵੇਂ ਨਦੀਨ ਨਾਸ਼ਕ ਸਿਫਾਰਿਸ਼ ਕੀਤੇ ਗਏ ਹਨ ।

ਅੜੀਅਲ ਗੁੱਲੀ ਡੰਡੇ ਦੀ ਰੋਕਥਾਮ ਲਈ ਕਣਕ ਦੀ ਬਿਜਾਈ ਤੋਂ ਤੁਰੰਤ ਬਾਅਦ ਜਾਂ ਬੀਜਣ ਤੋਂ ਦੋ ਦਿਨਾਂ ਡੇਢ ਲਿਟਰ ਪੈਂਡੀਮੈਥਾਲਿਨ 30 ਈ ਸੀ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਇਕਸਾਰ ਕਰੋ । ਛਿੜਕਾਅ ਕਰਦੇ ਸਮੇਂ ਇਸ ਗੱਲ ਦਾ ਖਿਆਲ ਰੱਖੋ ਕਿ ਖੇਤ ਵਿਚ ਝੋਨੇ ਦੇ ਮੁੱਢ ਅਤੇ ਮਿੱਟੀ ਦੇ ਢੇਲੇ ਨਾ ਹੋਣ, ਨਹੀਂ ਤਾਂ ਮੁੱਢਾਂ ਅਤੇ ਮਿੱਟੀ ਦੇ ਢੇਲਿਆਂ ਹੇਠ ਨਦੀਨਾਂ ਦਾ ਬੀਜ ਉੱਗ ਪਵੇਗਾ । ਕਣਕ ਦੀ ਫਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਨਦੀਨ ਉੱਗਣ ਤੋਂ ਬਾਅਦ ਭਾਰੀਆਂ ਜ਼ਮੀਨਾਂ ਵਿਚ 500 ਗ੍ਰਾਮ ਆਈਸੋਪ੍ਰੋਟਯੂਰਾਨ 75 ਡਬਲਯੂ ਪੀ ਦਰਮਿਆਨੀਆਂ ਜ਼ਮੀਨਾਂ ਵਿਚ 400 ਗ੍ਰਾਮ ਅਤੇ ਹਲਕੀਆਂ ਜ਼ਮੀਨਾਂ ਵਿਚ 300 ਗ੍ਰਾਮ ਜਾਂ 13 ਗ੍ਰਾਮ ਸਲਫੋਸਨਫੂਰਾਨ ਪ੍ਰਤੀ ਏਕੜ ਦੇ ਹਿਸਾਬ ਨਾਲ 150 ਲਿਟਰ ਪਾਣੀ ਵਿਚ ਘੋਲ ਕੇ ਇਕਸਾਰ ਛਿੜਕਾਅ ਕਰਨਾ ਚਾਹੀਦਾ ਹੈ ।



ਨਦੀਨ ਨਾਸ਼ਕ ਦਾ ਛਿੜਕਾਅ ਕਰਨ ਤੋਂ 2-3 ਦਿਨ ਬਾਅਦ ਪਹਿਲਾਂ ਹਲਕਾ ਪਾਣੀ ਲਾ ਦੇਣਾ ਚਾਹੀਦਾ ਹੈ । ਜਿੰਨਾਂ ਖੇਤਾਂ ਵਿਚ ਗੁੱਲੀ ਡੰਡਾ ਨਦੀਨ ਆਈਸੋਪ੍ਰੋਟਯੂਰਾਨ 75 ਡਬਲਯੂ ਪੀ ਨਾਮਕ ਨਦੀਨ ਨਾਸ਼ਕ ਨਾਲ ਨਹੀਂ ਮਰ ਰਿਹਾ ਤਾਂ ਪਹਿਲਾ ਪਾਣੀ ਲਾਉਣ ਤੋਂ ਬਾਅਦ ਜਾਂ ਬਿਜਾਈ ਤੋਂ 30-35 ਦਿਨਾਂ ਬਾਅਦ 400 ਗ੍ਰਾਮ ਪਿਨੋਕਸਾਡੀਨ 5 ਈ ਸੀ ਜਾਂ 13 ਗ੍ਰਾਮ ਸਲਫੋਸਲਫੂਰਾਨ 75 ਡਬਲਯੂ ਜੀ ਜਾਂ 160 ਗ੍ਰਾਮ ਕਲੋਡਿਨੋਫੋਪ 15 ਡਬਲਯੂ ਪੀ ਜਾਂ 400 ਮਿਲੀ ਲਿਟਰ ਫਿਨੋਕਸਾਪ੍ਰੋਪ-ਪੀ-ਈਥਾਈਲ 10 ਈ ਸੀ ਪ੍ਰਤੀ ਏਕੜ ਦੇ ਹਿਸਾਬ ਨਾਲ 150 ਲਿਟਰ ਪਾਣੀ ਦੇ ਘੋਲ ਵਿਚ ਇਕਸਾਰ ਛਿੜਕਾਅ ਕਰਨਾ ਚਾਹੀਦਾ ਹੈ। ਇਨ੍ਹਾਂ ਨਦੀਨ ਨਾਸ਼ਕਾਂ ਦੀ ਵਰਤੋਂ ਕਰਨ ਨਾਲ ਜੰਗਲੀ ਜਵੀ / ਜੌਧਰ ਦੀ ਵੀ ਰੋਕਥਾਮ ਹੋ ਜਾਂਦੀ ਹੈ। ਜਿਨ੍ਹਾਂ ਖੇਤਾਂ ਵਿਚ ਸਰ੍ਹੋਂ/ਰਾਇਆ/ਛੋਲੇ ਜਾਂ ਕੋਈ ਹੋਰ ਚੌੜੀ ਪੱਤੀ ਵਾਲੀ ਫਸਲ ਬੀਜੀ ਹੋਵੇ, ਉੱਥੇ ਸਲਫੋਸਲਫੂਰਾਨ ਨਦੀਨ ਨਾਸ਼ਕ ਦੀ ਵਰਤੋਂ ਨਾ ਕਰੋ। ਜਿਨ੍ਹਾਂ ਖੇਤਾਂ ਵਿਚ ਸਲਫੋਸਲ-ਫੂਰਾਨ ਨਦੀਨਨਾਸ਼ਕ ਵਰਤੀ ਹੋਵੇ ਉੱਥੇ ਸਾਉਣੀ ਵੇਲੇ ਚਰੀ ਜਾਂ ਮੱਕੀ ਕਦੇ ਵੀ ਨਾ ਬੀਜੋ।

## ਚੌੜੀ ਪੱਤੀ ਵਾਲੇ ਨਦੀਨਾਂ ਦੀ ਰੋਕਥਾਮ

ਜੇਕਰ ਕਣਕ ਦੀ ਫਸਲ ਵਿਚ ਕੇਵਲ ਬਾਥੂ ਨਾਮਕ ਨਦੀਨ ਹੋਵੇ ਤਾਂ 250 ਗ੍ਰਾਮ 2,4-ਡੀ ਸੋਡੀਅਮ ਸਾਲਟ (80%) ਜਾਂ 2,4-ਡੀ ਐਸਟਰ 36% ਪ੍ਰਤੀ ਏਕੜ ਨੂੰ 100 ਲਿਟਰ ਘੋਲ ਕੇ ਸਮੇਂ ਸਿਰ ਬੀਜੀ ਕਣਕ ਦੀ ਫਸਲ ਵਿਚ ਬਿਜਾਈ ਤੋਂ 35 ਤੋਂ 45 ਦਿਨਾਂ ਬਾਅਦ ਅਤੇ ਦਸੰਬਰ ਵਿਚ ਬੀਜੀ ਪਛੇਤੀ ਕਣਕ ਦੀ ਫਸਲ ਵਿਚ ਬਿਜਾਈ ਤੋਂ 45-55 ਦਿਨਾਂ ਬਾਅਦ ਇਕਸਾਰ ਛਿੜਕਾਅ ਕਰਨਾ ਚਾਹੀਦਾ ਹੈ ।

ਜੇਕਰ 2,4-ਡੀ ਦਾ ਛਿੜਕਾਅ ਸਮੇਂ ਸਿਰ ਨਾ ਕੀਤਾ ਜਾਵੇ ਤਾਂ ਕਣਕ ਦੇ ਪੱਤੇ ਗੋਲ ਹੋ ਜਾਂਦੇ ਹਨ ਅਤੇ ਕਰੂਪ ਹੋ ਜਾਂਦੇ ਹਨ । ਜੇਕਰ ਕਣਕ ਦੀ ਫਸਲ ਵਿਚ ਸਖਤ ਜਾਨ ਨਦੀਨ ਜਿਵੇਂ ਕੰਡਿਆਲੀ ਪਾਲਕ, ਮੈਣਾ, ਮੈਣੀ, ਜੰਗਲੀ ਪਾਲਕ, ਤੱਕਲਾ ਅਤੇ ਸੇਂਜੀ ਆਦਿ ਹੋਣ ਤਾਂ 10 ਗ੍ਰਾਮ ਮੈਟਸਲਫੂਰਾਨ 20 ਤਾਕਤ (ਐਲਗ੍ਰਿਪ) ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਦੇ ਘੋਲ ਵਿਚ ਇਕਸਾਰ ਛਿੜਕਾਅ ਕਰੋ । ਇਸ ਤੋਂ ਇਲਾਵਾ ਜਿਨ੍ਹਾਂ ਖੇਤਾਂ ਵਿਚ ਬਟਨ ਬੂਟੀ ਨਾਮਕ ਨਦੀਨ ਹੋਵੇ ਤਾਂ 20 ਗ੍ਰਾਮ ਕਾਨਫੈਨਟਰਾਜ਼ੋਨ-ਈਥਾਈਲ 40 ਡੀ ਐਫ(ਅਫਿਨਟੀ/ਏਮ) ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਦੇ ਘੋਲ ਵਿਚ ਇਕਸਾਰ ਛਿੜਕਾਅ ਕਰੋ ।

ਜੇਕਰ ਚੌੜੇ ਪੱਤਿਆਂ ਵਾਲੇ ਨਦੀਨ ਖਾਸ ਕਰਕੇ ਮਕੋਹ, ਕੰਡਿਆਲੀ ਪਾਲਕ, ਰਿਵਾੜੀ/ਰਾਹੀ, ਹਿਰਨ ਖੁਰੀ ਹੋਵੇ ਤਾਂ ਲਾਫਿਡਾ 50 ਡੀ ਐਫ (ਮੈਟਸਲਫੂਰਾਨ +ਕਾਨਫੈਨਟਰਾਜ਼ੋਨ) ਪ੍ਰਤੀ ਏਕੜ ਬਿਜਾਈ ਤੋਂ 25-30 ਦਿਨਾਂ ਵਿਚ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ । ਜੇਕਰ ਖੇਤ ਵਿਚ ਚੌੜੇ ਪੱਤੇ ਤੇ ਘਾਹ ਪੱਤੀ ਵਾਲੇ ਨਦੀਨ ਹੋਣ ਤਾਂ 160 ਗ੍ਰਾਮ ਮਿਜ਼ੋਸਲਫੂਰਾਨ + ਆਇਉ-

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 03
ਮਿਤੀ 18-01-2025



ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575

ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਖੇਤੀਬਾੜੀ ਵਸਤੂਆਂ ਲਈ 'ਅਮੂਲ ਮਾਡਲ' ਅਪਨਾਵੇ ਭਾਰਤ

**ਬੀ ਐੱਸ ਸ਼ਿਵਕੁਮਾਰ**


ਭਾਰਤੀ ਕਿਸਾਨਾਂ ਨੂੰ ਅੰਤਿਮ ਵਿਕਰੀ ਮੁੱਲ ਦਾ ਸਿਰਫ ਇਕ ਤਿਹਾਈ ਹਿੱਸਾ ਮਿਲਦਾ ਹੈ, ਜਦੋਂ ਕਿ ਬਾਕੀ ਵਪਾਰੀ, ਥੋਕ ਵਿਕਰੇਤਾ ਆਪਸ ਵਿਚ ਹੀ ਵੰਡ ਲੈਂਦੇ ਹਨ। ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਖੇਤੀਬਾੜੀ ਅਰਥਵਿਵਸਥਾ ਦੇ ਨਾਲ ਮਿਲ ਕੇ ਕੰਮ ਕਰਨ ਤੋਂ ਬਾਅਦ, ਮੈਂ ਦੇਖਿਆ ਕਿ ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਵੱਲੋਂ ਪ੍ਰਕਾਸ਼ਿਤ ਇਸ ਖੋਜ ਪੱਤਰ ਦੇ ਨਤੀਜੇ ਦੇਸ਼ ਦੇ ਖੇਤੀਬਾੜੀ ਖੇਤਰ ਵਿਚ ਆਮ ਰਵਾਇਤਾ ਬਾਰੇ ਮੇਰੇ ਲਗਾਤਾਰ ਨਿਰੀਖਣਾ ਦੇ ਨਾਲ ਮੇਲ ਖਾਂਦੇ ਹਨ ਅਤੇ ਇਸਦੀ ਪੁਸ਼ਟੀ ਕਰਦੇ ਹਨ।

ਲੋੜੀਂਦੇ ਬਾਜ਼ਾਰ ਸੰਪਰਕ ਬਣਾਉਣ ਅਤੇ ਕਿਸਾਨਾਂ ਨੂੰ ਹੇਠ ਅਥਾਰਟੀ ਦੇ ਤਹਿਤ ਇਕਜੁੱਟ ਕਰਨ ਨਾਲ ਇਸ ਸਮੱਸਿਆ ਦਾ ਕਾਫੀ ਹੱਦ ਤੱਕ ਹੱਲ ਹੋਣਾ ਚਾਹੀਦਾ ਸੀ, ਜਦੋਂ ਕਿ ਇਸ ਇਰਾਦੇ ਨਾਲ ਰਾਜਾਂ ਵਿਚ ਖੇਤੀਬਾੜੀ ਉਤਪਾਦਨ ਮਾਰਕੀਟ ਕਮੇਟੀਆਂ (ਏ. ਪੀ. ਐੱਮ ਸੀ) ਅਧੀਨ ਮੰਡੀਆਂ ਦੀ ਸਥਾਪਨਾ ਕੀਤੀ ਗਈ ਸੀ, ਅਸਲ ਨਤੀਜਾ ਕਲਪਨਾ ਅਨੁਸਾਰ ਨਹੀਂ ਸੀ।

**ਯੂ. ਕੇ. ਦੇ 'ਬ੍ਰਾਂਡ ਫਾਈਨਾਂਸ' ਵਲੋਂ ਅਮੂਲ ਨੂੰ ਵਿਸ਼ਵ ਦੇ ਸਭ ਤੋਂ ਵੱਧ ਮਜ਼ਬੂਤ ਖੁਰਾਕ- ਅਤੇ ਡੇਅਰੀ ਬ੍ਰਾਂਡ ਦਾ ਦਰਜਾ ਦਿੱਤਾ ਗਿਆ ਹੈ। ਅਮੂਲ ਨੇ 2023-24 ਵਿਚ 59,445 ਕਰੋੜ ਰੁਪਏ ਦਾ ਟਰਨਓਵਰ ਦਰਜ ਕੀਤਾ , ਜਿਸ ਨਾਲ ਗਰੁੱਪ ਦਾ ਟਰਨਓਵਰ 80,000 ਕਰੋੜ ਰੁਪਏ ਸੀ। ਇਸ ਦੀ ਤਾਕਤ ਗੁਜਰਾਤ ਦੇ 18,600 ਪਿੰਡਾਂ ਵਿਚ 3.6 ਮਿਲੀਅਨ ਕਿਸਾਨਾਂ ਦੇ ਨਾਲ ਦੁਨੀਆਂ ਦੀ ਸਭ ਤੋਂ ਵੱਡੀ ਕਿਸਾਨ-ਮਾਲਕੀਅਤ ਵਾਲੀ ਡੇਅਰੀ ਸਹਿਕਾਰੀ ਸੰਸਥਾ ਹੋਣ ਤੋਂ ਮਿਲਦੀ ਹੈ, ਜੋ ਹਰ ਰੋਜ਼ ਲਗਭਗ 30 ਮਿਲੀਅਨ ਲੀਟਰ ਦੁੱਧ ਦੀ ਸਪਲਾਈ ਕਰਦੇ ਹਨ।**

ਅਸਲ ਵਿਚ, ਇਸ ਨੇ ਕਿਸਾਨਾਂ 'ਤੇ ਨਵਾਂ ਬੋਝ ਪਾ ਕੇ ਵਿਚੋਲਿਆਂ ਦੀਆਂ ਪਰਤਾਂ ਨੂੰ ਹੀ ਵਧਾਇਆ ਹੈ। ਕਈ ਰਾਜਾਂ ਵਿਚ ਏ. ਪੀ. ਐੱਮ ਸੀ ਸਿਸਟਮ ਤੋਂ ਬਿਨਾਂ ਕਿਸਾਨਾਂ ਦੀ ਕਾਰਗੁਜ਼ਾਰੀ ਬਿਹਤਰ ਰਹੀ ਹੈ। ਭਾਰਤ ਨੂੰ ਜਿਸ 'ਸਵਾਦ' ਦੀ ਲੋੜ ਹੈ ਉਸ ਸਮੇਂ, ਕਿਸਾਨਾਂ ਦੀ ਇਕ ਸਹਿਕਾਰੀ ਸੰਸਥਾ ਨੇ ਭਾਰਤ ਦੇ ਡੇਅਰੀ ਸੈਕਟਰ ਵਿਚ ਇਕ ਬਦਲਵੇਂ ਮਾਡਲ ਵਜੋਂ ਵਧੀਆ ਕੰਮ ਕੀਤਾ ਹੈ, ਜਿਸ ਦੀ ਬਦੌਲਤ ਸਾਡੇ ਕੋਲ ਇਕ ਬਹੁਤ ਹੀ ਸਫਲ ਡੇਅਰੀ-ਉਤਪਾਦ ਮਾਰਕੀਟਿੰਗ ਫੈਡਰੇਸ਼ਨ ਹੈ, ਜੋ ਕਿ ਆਕਾਰ ਦੇ ਮਾਮਲੇ 'ਚ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਫੈਡਰੇਸ਼ਨਾਂ ਵਿਚ ਗਿਣਿਆ ਜਾਂਦਾ ਹੈ ਅਤੇ ਜਿਸ ਕੋਲ ਮਾਣ ਕਰਨ ਲਈ ਇਕ ਮਹਾਨ ਰਾਸ਼ਟਰੀ ਬ੍ਰਾਂਡ ਹੈ।

ਯੂ. ਕੇ. ਦੇ 'ਬ੍ਰਾਂਡ ਫਾਈਨਾਂਸ' ਵਲੋਂ ਅਮੂਲ ਨੂੰ ਵਿਸ਼ਵ ਦੇ ਸਭ ਤੋਂ ਵੱਧ ਮਜ਼ਬੂਤ ਖੁਰਾਕ- ਅਤੇ ਡੇਅਰੀ ਬ੍ਰਾਂਡ ਦਾ ਦਰਜਾ ਦਿੱਤਾ ਗਿਆ ਹੈ। ਅਮੂਲ ਨੇ 2023-24 ਵਿਚ 59,445 ਕਰੋੜ ਰੁਪਏ ਦਾ ਟਰਨਓਵਰ ਦਰਜ ਕੀਤਾ, ਜਿਸ ਨਾਲ ਗਰੁੱਪ ਦਾ ਟਰਨਓਵਰ 80,000 ਕਰੋੜ ਰੁਪਏ ਸੀ। ਇਸ ਦੀ ਤਾਕਤ ਗੁਜਰਾਤ ਦੇ 18,600 ਪਿੰਡਾਂ ਵਿਚ 3.6 ਮਿਲੀਅਨ ਕਿਸਾਨਾਂ ਦੇ ਨਾਲ ਦੁਨੀਆਂ ਦੀ ਸਭ ਤੋਂ ਵੱਡੀ ਕਿਸਾਨ-ਮਾਲਕੀਅਤ ਵਾਲੀ ਡੇਅਰੀ ਸਹਿਕਾਰੀ ਸੰਸਥਾ ਹੋਣ ਤੋਂ ਮਿਲਦੀ ਹੈ, ਜੋ ਹਰ ਰੋਜ਼ ਲਗਭਗ 30 ਮਿਲੀਅਨ ਲੀਟਰ ਦੁੱਧ ਦੀ ਸਪਲਾਈ ਕਰਦੇ ਹਨ।




ਭਾਰਤ ਵਿਚ ਵੱਖ-ਵੱਖ ਖੇਤੀਬਾੜੀ ਉਤਪਾਦਾਂ ਵਿਚ ਕਿਸਾਨ ਸਹਿਕਾਰੀ ਸੰਮਤੀਆਂ ਅਤੇ ਵਿਧਾਨਿਕ ਬਰਾਮਦ ਪ੍ਰੋਮੋਸ਼ਨ ਸੰਸਥਾਵਾਂ ਦੀਆਂ ਅਜਿਹੀਆਂ ਹੀ ਸਫਲਤਾ ਦੀਆਂ ਕਹਾਣੀਆਂ ਹਨ। ਕਰਨਾਟਕ ਅਤੇ ਕੇਰਲ ਵਿਚ ਸੁਪਾਰੀ ਅਤੇ ਕੋਕੋ ਉਤਪਾਦਕਾਂ ਦੀ ਸਹਾਇਤਾ ਲਈ ਸਥਾਪਿਤ ਸੈਂਟਰਲ ਸੁਪਾਰੀ ਅਤੇ ਕੋਕੋ ਮਾਰਕੀਟਿੰਗ ਅਤੇ ਪ੍ਰੋਸੈਸਿੰਗ ਕੋਆਪ੍ਰੇਟਿਵ ਲਿਮਟਿਡ (ਕੈਂਪਕੋ), ਕਰਨਾਟਕ ਵਿਚ ਸੁਪਾਰੀ ਦੇ ਕਿਸਾਨਾਂ ਦੇ ਹਿੱਤਾਂ ਦੀ ਦੇਖਭਾਲ ਕਰਨ ਵਾਲੀ ਟੋਟਗਾਰ ਕੋਆਪ੍ਰੇਟਿਵ ਸੇਲਜ਼ ਸੁਸਾਇਟੀ ਅਤੇ ਉਤਪਾਦਨ ਅਤੇ ਕੀਮਤਾਂ ਨੂੰ ਨਿਯਮਿਤ ਕਰਨ ਵਿਚ ਮਦਦਗਾਰ ਕੇਰਲ ਦੇ ਮਸਾਲਾ ਬੋਰਡ ਨੇ ਕਿਸਾਨਾਂ ਨੂੰ ਬਿਹਤਰ ਰਿਟਰਨ ਯਕੀਨੀ ਬਣਾਈ ਹੈ। ਇਨ੍ਹਾਂ ਸੰਸਥਾਵਾਂ ਨੇ ਵਿੱਦਿਅਕ ਸੰਸਥਾਵਾਂ, ਹਸਪਤਾਲਾਂ ਅਤੇ ਸਥਾਨਕ ਕਰਜ਼ੇ-ਕਮ-ਬੱਚਤ ਵਿਧੀਆਂ ਰਾਹੀਂ ਕਿਸਾਨਾਂ ਦੀ ਹਮਾਇਤੀ ਕਰਨ ਵਾਲਾ ਸ਼ਾਨਦਾਰ ਸਮਾਜਿਕ ਬੁਨਿਆਦੀ ਢਾਂਚਾ ਬਣਾਉਣ ਵਿਚ ਵੀ ਮਦਦ ਕੀਤੀ ਹੈ।

ਸਹਿਕਾਰੀ ਸਭਾਵਾਂ ਬਣਾਉਣ ਲਈ ਦੂਰਅੰਦੇਸ਼ੀ ਦੀ ਲੋੜ ਹੁੰਦੀ ਹੈ। ਇਸ ਖੇਤਰ ਵਿਚ ਸਫਲਤਾ ਦੀਆਂ ਕਹਾਣੀਆਂ ਘੱਟ ਹੁੰਦੀਆਂ ਜਾ ਰਹੀਆਂ ਹਨ। ਇਕ ਵਿਹਾਰਕ ਸਹਿਕਾਰੀ ਲਹਿਰ ਦੀ ਉਸਾਰੀ ਲਈ ਅਸਲ 'ਚ ਸਮਾਜਵਾਦੀ ਉਦੇਸ਼ਾਂ ਵਾਲੇ ਦੂਰ-ਅੰਦੇਸ਼ੀ ਯਤਨਾਂ ਦੀ ਲੋੜ ਹੁੰਦੀ ਹੈ। ਸਫਲਤਾ ਦੀ ਇਕ ਹੋਰ ਕੁੰਜੀ ਉਨ੍ਹਾਂ ਦੇ ਸ਼ੁਰੂਆਤੀ ਸਾਲਾਂ ਵਿਚ ਕਿਸੇ ਵੀ ਸਿਆਸੀ ਦਖਲ ਦੀ ਅਣਹੋਂਦ ਹੈ, ਜਿਵੇਂ ਕਿ ਚੀਨੀ ਸਹਿਕਾਰੀ ਸੰਸਥਾਵਾਂ ਦੇ ਤਜ਼ਰਬੇ ਤੋਂ ਦੇਖਿਆ ਗਿਆ ਹੈ।

ਸਿਆਸੀ ਦਖਲਅੰਦਾਜ਼ੀ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਸੁਧਾਰਨ ਦੇ ਮੁੱਖ ਉਦੇਸ਼ ਨੂੰ ਪੱਟੜੀ ਤੋਂ ਉਤਾਰ ਸਕਦੀ ਹੈ। ਇਸ ਤੋਂ ਇਲਾਵਾ, ਕਿਸਾਨ ਸਹਿਕਾਰੀ ਪਹਿਲਕਦਮੀਆਂ ਸਿਰਫ ਛੋਟੇ ਪੈਮਾਨੇ ਦੀਆਂ ਨਕਦੀ ਫਸਲਾਂ ਲਈ ਸਫਲ ਰਹੀਆਂ ਹਨ ਨਾ ਕਿ ਜ਼ਰੂਰੀ ਫਸਲਾਂ ਲਈ। ਸ਼ਾਇਦ ਬਾਅਦ ਵਿਚ ਸਰਕਾਰ ਨਿਗਰਾਨੀ ਕਾਰਨ।

**ਅਮੂਲ ਇਕ ਆਦਰਸ਼ ਮਿਸਾਲ**

ਅਮੂਲ ਸਹਿਕਾਰੀ ਮਾਡਲ ਦੀ ਸਫਲਤਾ ਦਾ ਸਿਹਰਾ ਇਸ ਦੇ ਦੂਰਅੰਦੇਸ਼ੀ ਨਿਰਮਾਤਾ ਵਰਗੀਸ ਕੁਰੀਅਨ (1921-2012) ਨੂੰ ਜਾਂਦਾ ਹੈ। ਉਸ ਦੀਆਂ ਪਹਿਲਕਦਮੀਆਂ ਨੇ ਮੁੱਲ ਲੜੀ ਵਿਚ ਕਿਸਾਨ ਦੀ ਹਿੱਸੇਦਾਰੀ ਅਤੇ ਹੁਨਰ ਵਸਤੂਆਂ ਵਿਚ ਘੱਟ ਹੀ ਦੇਖਿਆ ਜਾਂਦਾ ਹੈ ਕਿ ਅੱਜਕੱਲ੍ਹ ਹੋਰ ਵਸਤੂਆਂ ਵਿਚ ਘੱਟ ਹੀ ਦੇਖਿਆ ਜਾਂਦਾ ਹੈ। ਦੁੱਧ ਦੀ ਕੀਮਤ ਦਾ ਲਗਭਗ 80-82 ਫੀਸਦੀ ਹਿੱਸਾ ਕਿਸਾਨ ਨੂੰ ਵਾਪਸ ਜਾਂਦਾ ਹੈ, ਜੋ ਸਹਿਕਾਰੀ ਵਿਚ ਵੀ ਹਿੱਸਾ ਰੱਖਦਾ ਹੈ। ਇਸ ਤੋਂ ਇਲਾਵਾ, ਸਹਿਕਾਰੀ ਦਾ ਮੁਨਾਫਾ ਕਿਸਾਨਾਂ ਨੂੰ ਸਾਲਾਨਾ ਬੋਨਸ ਦੇ ਰੂਪ ਵਿਚ ਅਤੇ ਹੋਰ ਸਾਧਨਾਂ ਰਾਹੀਂ ਵਾਪਸ ਕੀਤਾ ਜਾਂਦਾ ਹੈ। ਇਹ ਉਨ੍ਹਾ ਦੀ ਵਫਾਦਾਰੀ ਦੀ ਯਕੀਨੀ ਬਣਾਉਂਦਾ ਹੈ।

ਅਮੂਲ ਦੇ ਡੇਅਰੀ ਕਿਸਾਨਾਂ ਨੂੰ ਪਸ਼ੂਆਂ ਦੀ ਖੁਰਾਕ ਦੀ ਸਪਲਾਈ ਅਤੇ ਵੈਟਰਨਰੀ ਹੈਲਥਕੇਅਰ ਸੇਵਾਵਾਂ 'ਤੇ ਥੋਕ ਛੋਟਾਂ ਦਾ ਵੀ ਫਾਇਦਾ ਹੁੰਦਾ ਹੈ। ਅਮੂਲ ਨੇ ਇਕ ਸਥਾਨਕ ਜ਼ਿਲਾ ਸਹਿਕਾਰੀ ਬੈਂਕ ਨੈੱਟਵਰਕ ਵੀ ਬਣਾਇਆ ਹੈ ਜੋ ਉਨ੍ਹਾਂ ਦੀਆਂ ਬੱਚਤਾਂ ਨੂੰ ਚੈਨਲ ਕਰਦਾ ਹੈ ਅਤੇ ਪਿੰਡ ਪੱਧਰ 'ਤੇ ਕ੍ਰੈਡਿਟ ਸਹੂਲਤ ਪ੍ਰਦਾਨ ਕਰਦਾ ਹੈ। ਇਹ ਯਕੀਨੀ ਬਣਾਉਣ ਤੋਂ ਇਲਾਵਾ ਕਿ ਉਚਿਤ ਕੀਮਤ ਦੀ ਖੋਜ ਕੀਤੀ ਜਾਂਦੀ ਹੈ, ਅਮੂਲ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਉਨ੍ਹਾਂ ਦੀ ਉਪਜ ਨੂੰ ਉਚਿਤ ਕੀਮਤ 'ਤੇ ਖਰੀਦਿਆ ਜਾਵੇ। ਇਸ ਤਰ੍ਹਾਂ, ਇਹ ਉਤਪਾਦ ਦੀ ਕੀਮਤ ਵਧਾਉਣ ਅਤੇ ਮੁਨਾਫਾਖੋਰੀ ਨੂੰ ਰੋਕਦਾ ਹੈ।



ਮੈਂ ਵਰਗੀਸ ਕੁਰੀਅਨ ਦੀ ਕਿਤਾਬ 'ਆਈ ਟੂ ਹੈਡ ਏ ਡ੍ਰੀਮ' ਦੇ ਇਕ ਹਵਾਲੇ ਨਾਲ ਆਪਣੀ ਗੱਲ ਖਤਮ ਕਰਨੀ ਚਾਹਾਂਗਾ। ''ਮੈਂ ਉਨ੍ਹਾਂ ਲੋਕਾਂ ਵਿਚੋਂ ਹਾਂ ਜੋ ਪੱਕਾ ਵਿਸ਼ਵਾਸ ਕਰਦੇ ਹਨ ਕਿ ਸਾਡੇ ਸ਼ਹਿਰ ਸਾਡੇ ਪਿੰਡਾਂ ਦੀ ਕੀਮਤ 'ਤੇ ਵਧਦੇ-ਫੁੱਲਦੇ ਹਨ; ਸਾਡੇ ਉਦਯੋਗ ਖੇਤੀ ਦਾ ਸ਼ੋਸ਼ਣ ਕਰਦੇ ਹਨ।'' ਹੁਣ ਅਜਿਹਾ ਨਹੀਂ ਹੋਣਾ ਚਾਹੀਦਾ। ਅੱਜ, ਭਾਰਤੀ ਖੇਤੀ ਦਾ ਭਵਿੱਖ ਰੌਸ਼ਨ ਹੈ, ਜਿੱਥੇ ਕਿਸਾਨ ਸਹੀ ਸੌਦੇਬਾਜ਼ੀ ਦੀ ਸ਼ਕਤੀ ਦੀ ਵਰਤੋਂ ਕਰਨ ਦੇ ਯੋਗ ਹਨ ਅਤੇ ਸਰਕਾਰਾਂ ਸਹਾਇਕ ਨੀਤੀਆਂ ਅਤੇ ਵਿੱਤੀ ਯੋਜਨਾਵਾਂ ਰਾਹੀਂ ਉਨ੍ਹਾਂ ਦੀ ਭਲਾਈ ਵਿਚ ਬਹੁਤ ਦਿਲਚਸਪੀ ਦਿਖਾਉਂਦੀਆਂ ਹਨ।

ਪੀ ਏ ਯੂ ਦੇ ਫਸਲ ਵਿਗਿਆਨ ਵਿਭਾਗ ਦੇ ਮਾਹਿਰਾਂ ਅਨੁਸਾਰ ਨਦੀਨਨਾਸ਼ਕਾਂ ਦਾ ਛਿੜਕਾਅ ਸਾਫ ਮੌਸਮ 'ਚ ਕਰਨਾ ਚਾਹੀਦਾ ਹੈ। ਛਿੜਕਾਅ ਤੋਂ ਬਾਅਦ ਪੰਪ ਨੂੰ ਪਾਣੀ ਨਾਲ ਧੋ ਕੇ ਅਤੇ ਫਿਰ ਕੱਪੜੇ ਧੋਣ ਵਾਲੇ ਸੋਡੇ ਦੇ 0.5 ਫੀਸਦੀ ਘੋਲ ਨਾਲ ਚੰਗੀ ਤਰ੍ਹਾਂ ਸਾਫ ਕਰ ਲੈਣਾ ਚਾਹੀਦਾ ਹੈ। ਨਦੀਨਨਾਸ਼ਕਾਂ ਦੀ ਮੰਡੀ 'ਚ ਬੜੀ ਭਰਮਾਰ ਹੈ। ਚੰਗੇ ਨਤੀਜੇ ਪਾਉਣ ਲਈ ਇਨ੍ਹਾਂ ਦੀ ਸਹੀ ਚੋਣ ਕਰਨੀ ਬਹੁਤ ਜ਼ਰੂਰੀ ਹੈ। ਚੋਣ ਕਰਨ ਸਮੇਂ ਪਿਛਲੇ ਸਾਲਾਂ ਦੌਰਾਨ ਖੇਤ 'ਚ ਵਰਤੇ ਗਏ ਨਦੀਨਨਾਸ਼ਕਾਂ ਦੇ ਨਤੀਜਿਆਂ ਦਾ ਜਾਇਜ਼ਾ ਕਰ ਲੈਣਾ ਚਾਹੀਦਾ ਹੈ, ਜਿਹੜੇ ਨਦੀਨਨਾਸ਼ਕਾਂ ਨੇ ਪਿਛਲੇ ਸਾਲਾਂ 'ਚ ਚੰਗੇ ਨਤੀਜੇ ਨਾ ਦਿੱਤੇ ਹੋਣ, ਉਨ੍ਹਾਂ ਦੀ ਚੋਣ ਫਿਰ ਇਸ ਸਾਲ ਨਹੀਂ ਕਰਨੀ ਚਾਹੀਦੀ।





# ਕਣਕ ਦੇ ਵਧੇਰੇ ਝਾੜ ਲਈ ਜ਼ਰੂਰੀ ਹੈ ਨਦੀਨ ਪ੍ਰਬੰਧਨ

ਪਿਛਲੇ ਸਾਲ 35.08 ਲੱਖ ਹੈਕਟੇਅਰ ਰਕਬਾ ਕਣਕ ਦੇ ਕਾਸ਼ਤ ਅਧੀਨ ਸੀ। ਕਣਕ ਦੀ ਸਾਰੀ ਬਿਜਾਈ ਤਕਰੀਬਨ ਝੋਨੇ-ਬਾਸਮਤੀ ਵਾਲੇ ਰਕਬੇ 'ਤੇ ਕੀਤੀ ਗਈ ਹੈ, ਕਿਸਾਨਾਂ ਨੂੰ ਨਦੀਨਾਂ ਦੀ ਗੰਭੀਰ ਸਮੱਸਿਆ ਨਾਲ ਨਿਪਟਣਾ ਪੈ ਸਕਦਾ ਹੈ। ਗੁੱਲੀ-ਡੰਡਾ ਇਕ ਅਜਿਹਾ ਅੜੀਅਲ ਨਦੀਨ ਹੈ, ਜਿਸ 'ਤੇ ਜੇਕਰ ਕਾਬੂ ਨਾ ਪਾਇਆ ਜਾਵੇ ਤਾਂ 40 ਤੋਂ 60 ਪ੍ਰਤੀਸ਼ਤ ਤੱਕ ਵੀ ਕਣਕ ਦਾ ਝਾੜ ਘਟਾ ਦਿੰਦਾ ਹੈ। ਦੂਜੇ ਹੋਰ ਨਦੀਨ ਜਿਵੇਂ ਜੰਗਲੀ ਜਵੀ ਅਤੇ ਬੂਈ, ਚੌੜੀ ਪੱਤੀ ਵਾਲੀ ਜੰਗਲੀ ਪਾਲਕ, ਬਾਥੂ, ਕੰਡਿਆਲੀ ਪਾਲਕ, ਬਟਨ ਬੂਟੀ, ਖੰਡੀ , ਬਿੱਲੀ ਬੂਟੀ ਅਤੇ ਮੈਣਾ ਵੀ ਕਣਕ ਦੇ ਖੇਤਾਂ 'ਚ ਪਾਏ ਜਾਣ ਦੀ ਸੰਭਾਵਨਾ ਹੈ, ਜਿੱਥੇ, ਇਹ ਨਦੀਨ ਫਸਲ ਬੀਜਦਿਆਂ ਹੀ ਨਹੀਂ ਉੱਗੇ, ਇਹ ਪਹਿਲੇ ਪਾਣੀ ਤੋਂ ਪਹਿਲਾਂ ਜਾਂ ਪਹਿਲੇ ਅਤੇ ਦੂਜੇ ਪਾਣੀ ਤੋਂ ਬਾਅਦ ਉੱਗਦੇ ਹਨ। ਬਹੁਤ ਘੱਟ ਕਿਸਾਨ ਨਦੀਨ ਪ੍ਰਬੰਧ ਲਈ ਕਾਸ਼ਤਕਾਰੀ ਢੰਗ ਵਰਤਦੇ ਹਨ। ਉਨ੍ਹਾਂ ਦਾ ਆਧਾਰ ਨਦੀਨਨਾਸ਼ਕ ਹੀ ਹਨ। ਡਾ. ਜਸਵੰਤ ਸਿੰਘ ਕਹਿੰਦੇ ਹਨ ਕਿ ਕਿਸਾਨਾਂ ਨੂੰ ਪੀ ਏ ਯੂ ਵੱਲੋਂ ਸਿਫਾਰਸ਼ ਕੀਤੇ ਨਦੀਨਨਾਸ਼ਕ ਹੀ ਵਰਤਣੇ ਚਾਹੀਦੇ ਹਨ। ਪੀ ਏ ਯੂ ਨੇ ਬਿਜਾਈ ਸਮੇਂ ਵਰਤੇ ਜਾਣ ਵਾਲੇ ਨਦੀਨਨਾਸ਼ਕ ਜੋ ਨਦੀਨਾਂ ਦੀ ਰੋਕਥਾਮ ਲਈ ਪਹਿਲੇ ਪਾਣੀ ਤੋਂ ਬਾਅਦ ਨਦੀਨਨਾਸ਼ਕ ਵਰਤੇ ਜਾਣ ਵਾਲੇ ਅਲੱਗ-ਅਲੱਗ ਗਰੁੱਖਾਂ 'ਚ ਸਿਫਾਰਸ਼ ਕੀਤੇ ਗਏ ਹਨ। ਜਿਨ੍ਹਾਂ ਖੇਤਾਂ 'ਚ ਗੁੱਲੀ ਡੰਡਾ ਅਤੇ ਜੰਗਲੀ ਜਵੀ ਵਰਗੇ ਨਦੀਨ ਹੋਣ, ਉਨ੍ਹਾਂ ਲਈ ਵੱਖਰੇ ਨਦੀਨਨਾਸ਼ਕ ਅਤੇ ਜਿਨ੍ਹਾਂ ਖੇਤਾਂ 'ਚ ਸਿਰਫ ਚੌੜੀ ਪੱਤੀ ਵਾਲੇ ਨਦੀਨ ਹੋਣ, ਉਨ੍ਹਾਂ ਲਈ ਅਲੱਗ ਨਦੀਨਨਾਸ਼ਕ ਸਿਫਾਰਸ਼ ਕੀਤੇ ਗਏ ਹਨ। ਜੇਕਰ ਖੇਤਾਂ 'ਚ ਚੌੜੀ ਪੱਤੀ ਵਾਲੇ ਅਤੇ ਘਾਹ ਵਾਲੇ ਦੋਵੇਂ ਹੀ ਤਰ੍ਹਾਂ ਦੇ ਨਦੀਨ ਹੋਣ ਤਾਂ ਕਿਸਾਨਾਂ ਨੂੰ ਟੋਟਲ 75 ਡਬਲਿਊ. ਜੀ. + ਮੈਟਸਲਫੂਰਾਨ ਨਦੀਨਨਾਸ਼ਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪੀ ਏ ਯੂ ਸਨਮਾਨਿਤ ਅਗਾਂਹਵਧੂ ਕਿਸਾਨ ਬਲਬੀਰ ਸਿੰਘ ਜੜੀਆ ਧਰਮਗੜ੍ਹ-ਅਮਲੋਹ (ਫਤਹਿਗੜ੍ਹ ਸਾਹਿਬ) ਕਹਿੰਦਾ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਲੈਂਡ ਲੇਜ਼ਰ ਲੈਵਲਰ ਕਰਾਹੇ ਨਾਲ ਖੇਤ ਨੂੰ ਪੱਧਰ ਕਰਵਾ ਕੇ ਕਣਕ ਬੀਜੀ ਹੈ ਜਾਂ ਬਿਜਾਈ ਲਈ ਖੇਤ ਤਿਆਰ ਕਰਨ ਤੋਂ ਪਹਿਲਾਂ ਅਤੇ ਖੇਤ ਤਿਆਰ ਕਰਨ ਤੋਂ ਬਾਅਦ ਉਪਰਲੀ ਸਤ੍ਹਾ ਸੁਕਾ ਕੇ ਕਣਕ ਬੀਜੀ ਹੈ, ਉੱਥੇ ਨਦੀਨਾਂ ਦੀ ਕੁਝ ਰੋਕਥਾਮ ਹੋ ਗਈ ਹੈ ਜੇ ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਥਾਂ ਕੋਈ ਹੋਰ ਫਸਲ ਜਿਵੇਂ ਨਰਮਾ, ਮੱਕੀ, ਕਮਾਦ ਆਦਿ ਫਸਲ ਬੀਜੀ ਗਈ ਹੋਵੇ ਤਾਂ ਵੀ ਨਦੀਨਾਂ 'ਤੇ ਕਾਬੂ ਪਾ ਲਿਆ ਜਾਂਦਾ ਹੈ।




ਭਗਵਾਨ ਦਾਸ

ਜੇ ਗੁੱਲੀ-ਡੰਡਾ ਕਿਸੇ ਹੋਰ ਨਦੀਨਨਾਸ਼ਕ ਨਾਲ ਨਾ ਕਰਦਾ ਹੋਵੇ ਤਾਂ ਪੀ ਏ ਯੂ ਵੱਲੋਂ ਸਿਫਾਰਸ਼ ਕੀਤਾ ਸ਼ਗਨ 21-11 (ਕਲੋਫੀਨਾਫੋਪ + ਮੈਟਰੀਬਿਊਜ਼ਨ) ਜਿਹੇ ਨਦੀਨਨਾਸ਼ਕ ਦੀ ਸਿਫਾਰਸ਼ ਕੀਤੀ ਗਈ ਹੈ, ਪਰ ਸ਼ਗਨ 21-11 ਨੂੰ ਉੱਨਤ ਪੀ. ਬੀ. ਡਬਲਿਊ.-550 ਕਿਸਮ 'ਤੇ ਛਿੜਕੇ ਜਾਣ ਦੀ ਮਨਾਹੀ ਕੀਤੀ ਗਈ ਹੈ। ਇਸ ਕਿਸਮ 'ਤੇ ਇਹ ਮਾੜਾ ਅਸਰ ਪਾਉਂਦਾ ਹੈ।

ਪੀ ਏ ਯੂ ਦੇ ਫਸਲ ਵਿਗਿਆਨ ਵਿਭਾਗ ਦੇ ਮਾਹਿਰਾਂ ਅਨੁਸਾਰ ਨਦੀਨਨਾਸ਼ਕਾਂ ਦਾ ਛਿੜਕਾਅ ਸਾਫ ਮੌਸਮ 'ਚ ਕਰਨਾ ਚਾਹੀਦਾ ਹੈ। ਛਿੜਕਾਅ ਤੋਂ ਬਾਅਦ ਪੰਪ ਨੂੰ ਪਾਣੀ ਨਾਲ ਧੋ ਕੇ ਅਤੇ ਫਿਰ ਕੱਪੜੇ ਧੋਣ ਵਾਲੇ ਸੋਡੇ ਦੇ 0.5 ਫੀਸਦੀ ਘੋਲ ਨਾਲ ਚੰਗੀ ਤਰ੍ਹਾਂ ਸਾਫ ਕਰ ਲੈਣਾ ਚਾਹੀਦਾ ਹੈ। ਨਦੀਨਨਾਸ਼ਕਾਂ ਦੀ ਮੰਡੀ 'ਚ ਬੜੀ ਭਰਮਾਰ ਹੈ। ਚੰਗੇ ਨਤੀਜੇ ਪਾਉਣ ਲਈ ਇਨ੍ਹਾਂ ਦੀ ਸਹੀ ਚੋਣ ਕਰਨੀ ਬਹੁਤ ਜ਼ਰੂਰੀ ਹੈ। ਚੋਣ ਕਰਨ ਸਮੇਂ ਪਿਛਲੇ ਸਾਲਾਂ ਦੌਰਾਨ ਖੇਤ 'ਚ ਵਰਤੇ ਗਏ ਨਦੀਨਨਾਸ਼ਕਾਂ ਦੇ ਨਤੀਜਿਆਂ ਦਾ ਜਾਇਜ਼ਾ ਕਰ ਲੈਣਾ ਚਾਹੀਦਾ ਹੈ, ਜਿਹੜੇ ਨਦੀਨਨਾਸ਼ਕਾਂ ਨੇ ਪਿਛਲੇ ਸਾਲਾਂ 'ਚ ਚੰਗੇ ਨਤੀਜੇ ਨਾ ਦਿੱਤੇ ਹੋਣ, ਉਨ੍ਹਾਂ ਦੀ ਚੋਣ ਫਿਰ ਇਸ ਸਾਲ ਨਹੀਂ ਕਰਨੀ ਚਾਹੀਦੀ। ਲਗਾਤਾਰ ਇਕ ਹੀ ਨਦੀਨਨਾਸ਼ਕ ਨਹੀਂ ਵਰਤਣਾ ਚਾਹੀਦਾ, ਕਿਉਂਕਿ ਅਜਿਹਾ ਕਰਨ ਨਾਲ ਨਦੀਨਾਂ 'ਚ ਨਦੀਨਨਾਸ਼ਕ ਪ੍ਰਤੀ ਰੋਧਣ ਸ਼ਕਤੀ ਪੈਦਾ ਹੋ ਜਾਂਦੀ ਹੈ, ਉਨ੍ਹਾਂ ਦਾ ਅਸਰ ਘੱਟ ਜਾਂਦਾ ਹੈ। ਹਰ ਸਾਲ ਵੱਖ-ਵੱਖ ਗਰੁੱਪਾਂ ਦੇ ਨਦੀਨਨਾਸ਼ਕ ਵਰਤਣੇ ਚਾਹੀਦੇ ਹਨ, ਜਦੋਂ ਨਦੀਨਨਾਸ਼ਕ ਅਦਲ-ਬਦਲ ਕੇ ਵਰਤੇ ਜਾਣਗੇ ਤਾਂ ਚੰਗੇ ਨਤੀਜੇ ਮਿਲਣਗੇ। ਕਿਸਾਨਾਂ ਨੂੰ ਹਮੇਸ਼ਾਂ ਨਦੀਨਨਾਸ਼ਕ ਦੀ ਮਾਤਰਾ ਸਿਫਾਰਸ਼ ਅਨੁਸਾਰ ਹੀ ਕਰਨੀ ਚਾਹੀਦੀ ਹੈ। ਸਿਫਾਰਸ਼ ਤੋਂ ਘੱਟ ਮਾਤਰਾ ਵਰਤਣ 'ਤੇ ਨਦੀਨਾਂ ਦੀ ਚੰਗੀ ਰੋਕਥਾਮ ਨਹੀਂ ਹੁੰਦੀ ਅਤੇ ਸਿਫਾਰਸ਼ ਤੋਂ ਜ਼ਿਆਦਾ ਮਾਤਰਾ ਵਰਤਣ ਨਾਲ ਕਣਕ ਦੀ ਫਸਲ ਨੂੰ ਨੁਕਸਾਨ ਪਹੁੰਚ ਸਕਦਾ ਹੈ। ਨਦੀਨਨਾਸ਼ਕ ਦੀ ਵਰਤੋਂ ਹਮੇਸ਼ਾਂ ਚੰਗੀ ਵੱਤਰ (ਸਲਾਬ੍ਹ) 'ਚ ਹੀ ਕਰਨੀ ਚਾਹੀਦੀ ਹੈ। ਜੇ ਸਪਰੇਅ ਖੁਸ਼ਕ ਖੇਤ 'ਚ ਕੀਤਾ ਜਾਵੇਗਾ ਤਾਂ ਨਤੀਜੇ ਨਹੀਂ ਮਿਲਣਗੇ ਅਤੇ ਜੇ ਜ਼ਿਆਦਾ ਗਿੱਲ੍ਹਾ ਖੇਤ ਹੋਵੇਗਾ ਤਾਂ ਨਦੀਨਨਾਸ਼ਕ ਫਸਲ ਦਾ ਨੁਕਸਾਨ ਵੀ ਕਰ ਸਕਦੇ ਹਨ। ਨਦੀਨਨਾਸ਼ਕ ਦੀ ਸਪਰੇਅ ਲਈ 'ਗੰਨ ਸਪਰੇਅਰ' ਨਹੀਂ ਨਹੀਂ ਵਰਤਣਾ ਚਾਹੀਦਾ, ਕਿਉਂਕਿ ਇਸ ਨਾਲ ਸਪਰੇਅ ਇਕਸਾਰ ਨਹੀਂ ਹੁੰਦਾ ਅਤੇ ਜਿੱਥੇ ਨਦੀਨਨਾਸ਼ਕ ਪੂਰੇ ਨਹੀਂ ਪੈਂਦੇ, ਉੱਥੇ ਨਤੀਜੇ ਨਹੀਂ ਮਿਲਦੇ। ਕਿਸਾਨਾਂ ਨੂੰ ਆਪਣੇ ਤੌਰ 'ਤੇ ਦੋ ਜਾਂ ਜ਼ਿਆਦਾ ਨਦੀਨਨਾਸ਼ਕ ਰਲਾਅ ਕੇ ਮਾਹਿਰਾਂ ਦੀ ਸਲਾਹ ਬਗੈਰ ਨਹੀਂ ਵਰਤਣੇ ਚਾਹੀਦੇ। ਇਸ ਤਰ੍ਹਾਂ ਕਰਨ ਨਾਲ ਨਦੀਨ 'ਚ ਨਦੀਨਨਾਸ਼ਕਾਂ ਪ੍ਰਤੀ ਰੋਧਣ ਸ਼ਕਤੀ ਪੈਦਾ ਹੋਣ ਦਾ ਡਰ ਹੈ ਅਤੇ ਦੂਜਾ ਫਸਲ 'ਤੇ ਮਾੜਾ ਅਸਰ ਪੈ ਸਕਦਾ ਹੈ। ਖੜ੍ਹੀ ਫਸਲ 'ਚ ਵਰਤੇ ਜਾਣ ਵਾਲੇ ਨਦੀਨਨਾਸ਼ਕਾਂ ਦੀ ਸਪਰੇਅ ਕਰਨ ਲਈ 'ਕੱਟ' ਵਾਲੀ ਨੋਜ਼ਲ ਵਰਤਣੀ ਚਾਹੀਦੀ ਹੈ।

ਗੋਲ ਨੋਜ਼ਲ ਵਰਤਣ ਨਾਲ ਸਪਰੇਅ ਇਕਸਾਰ ਨਹੀਂ ਹੁੰਦਾ ਅਤੇ ਨਤੀਜੇ ਸਹੀ ਨਹੀਂ ਮਿਲਦੇ। ਨਦੀਨ ਪ੍ਰਬੰਧ ਦੇ ਵੱਖ-ਵੱਖ ਤਰੀਕੇ ਵਰਤੇ ਜਾਣ ਤੋਂ ਬਾਅਦ ਵੀ ਕੁਝ ਨਦੀਨਾਂ ਦੇ ਬੂਟੇ ਬਚ ਜਾਂਦੇ ਹਨ ਜਾਂ ਫਸਲ ਦੇ ਪਿਛਲੇ ਪੜਾਅ 'ਚ ਉੱਗ ਜਾਂਦੇ ਹਨ। ਇਨ੍ਹਾਂ ਬੱਚੇ ਹੋਏ ਨਦੀਨਾਂ ਦੇ ਬੂਟਿਆਂ ਨੂੰ ਬੀਜ ਬਣਨ ਤੋਂ ਪਹਿਲਾਂ ਹੱਥੀਂ ਕੱਢ ਦੇਣਾ ਚਾਹੀਦਾ ਹੈ। ਸਹੀ ਸਮੇਂ 'ਤੇ ਛਿੜਕਾਅ ਅਤੇ ਨਦੀਨ ਪ੍ਰਬੰਧ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਉੱਗੇ ਹੋਏ ਨਦੀਨਾਂ ਦੇ ਬੂਟਿਆਂ ਨੂੰ ਮਾਰਨ ਵਾਲੇ ਨਦੀਨਨਾਸ਼ਕਾਂ ਦੀ ਵਰਤੋਂ ਬਿਜਾਈ ਤੋਂ 30 ਦਿਨ ਬਾਅਦ, ਪਹਿਲੇ ਪਾਣੀ ਤੋਂ ਬਾਅਦ, ਜਦੋਂ ਨਦੀਨ ਦੋ ਤੋਂ ਤਿੰਨ ਪੱਤਿਆਂ ਦੀ ਅਵਸਥਾ 'ਚ ਹੋਣ, ਉਸ ਸਮੇਂ ਕਰਨੀ ਚਾਹੀਦੀ ਹੈ। ਨਦੀਨਾਂ ਦੇ ਵੱਡੇ ਬੂਟਿਆਂ 'ਚ ਨਦੀਨਨਾਸ਼ਕ ਨੂੰ ਸਹਿਣ ਦੀ ਸ਼ਕਤੀ ਵਧ ਜਾਂਦੀ ਹੈ ਅਤੇ ਕਿਸਾਨਾਂ ਨੂੰ ਨਤੀਜਾ ਪੂਰਾ ਨਹੀਂ ਮਿਲਦਾ।



# ਅੰਬ ਦੀ ਗੁਦਹਿੜੀ ਦੀ ਰੋਕਥਾਮ ਕਿਵੇਂ ਕਰੀਏ?

ਅੰਬ ਖਾਣ ਵਿਚ ਬਹੁਤ ਸੁਆਦੀ ਅਤੇ ਗੁਣਕਾਰੀ ਹੈ। ਇਸ ਵਿਚ ਵਿਟਾਮਿਨ 'ਏ' ਦੀ ਮਾਤਰਾ ਸਾਰੇ ਫਲਾਂ ਨਾਲੋਂ ਵੱਧ ਹੋਣ ਦੇ ਨਾਲ-ਨਾਲ ਕੁੱਝ ਮਾਤਰਾ ਵਿਚ ਵਿਟਾਮਿਨ 'ਬੀ-1', ਬੀ-2 ਅਤੇ ਸੀ ਵੀ ਮੌਜੂਦ ਹੁੰਦਾ ਹੈ। ਇਸ ਦੀ ਘੱਟ ਰਹੀ ਪੈਦਾਵਾਰ ਦੇ ਮੁੱਖ ਕਾਰਨ ਕੀੜੇ-ਮਕੌੜੇ ਅਤੇ ਬਿਮਾਰੀਆਂ ਹਨ ਜਿਹੜਾਂ ਵਿੱਚੋਂ ਅੰਬਾਂ ਦੀ ਗੁਦਹਿੜੀ ਇਕ ਬਹੁਤ ਹੀ ਖਤਰਨਾਕ ਕੀੜਾ ਹੈ ਅਤੇ ਬਾਗਬਾਨਾਂ ਨੂੰ ਬਹੁਤ ਨੁਕਸਾਨ ਪਹੁੰਚਾਉਂਦਾ ਹੈ। ਪੰਜਾਬ ਵਿਚ ਇਹ ਕੀੜਾ ਸਾਰੇ ਫਲਦਾਰ ਬੂਟਿਆਂ ਦਾ ਨੁਕਸਾਨ ਕਰਦਾ ਹੈ ਅਤੇ ਅੰਬਾਂ ਉੱਤੇ ਇਸ ਦਾ ਕਾਫੀ ਹਮਲਾ ਹੁੰਦਾ ਹੈ। ਹੇਠ ਦਿੱਤੀਆਂ ਕੀੜੇ ਦੀਆਂ ਨਿਸ਼ਾਨੀਆਂ ਦੇ ਅਧਾਰ ਤੇ ਇਸ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਨੁਕਸਾਨ ਦਾ ਸਮਾਂ** : ਦਸੰਬਰ ਦੇ ਅਖੀਰ ਵਿਚ ਇਸ ਕੀੜੇ ਦੇ ਬੱਚੇ, ਅੰਡਿਆਂ ਵਿੱਚੋਂ ਨਿਕਲ ਕੇ ਦਰਖਤਾਂ ਉੱਤੇ ਚੜ੍ਹ ਜਾਂਦੇ ਹਨ। ਇਸ ਕੀੜੇ ਦੀ

**ਪਰਮਿੰਦਰ ਕੌਰ ਅਤੇ ਸਵਰੀਤ ਖਹਿਰਾ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ**
**ਮੋਬਾਇਲ** : 94646-54854

ਮਾਦਾ ਜਨਵਰੀ ਤੋਂ ਅਪ੍ਰੈਲ ਤੱਕ ਬੂਟਿਆਂ 'ਚੋਂ ਰਸ ਚੂਸ ਕੇ ਕਾਫੀ ਨੁਕਸਾਨ ਕਰਦੀ ਹੈ ਅਤੇ ਨਰ ਕੀੜਾ ਕੋਈ ਨੁਕਸਾਨ ਨਹੀਂ ਕਰਦਾ। ਇਸ ਕੀੜੇ ਦੇ ਬੱਚੇ ਅਤੇ ਮਾਦਾ ਲਾਲ ਰੰਗ ਦੇ ਹੁੰਦੇ ਹਨ। ਬੱਚਿਆਂ ਅਤੇ ਮਾਦਾ ਕੀੜਿਆਂ ਉੱਤੇ ਚਿੱਟੇ ਰੰਗ ਦਾ ਧੂੜਾ ਹੋਣ ਕਰਕੇ ਇਨ੍ਹਾਂ ਦੀ ਰੋਕਥਾਮ ਔਖੀ ਹੋ ਜਾਂਦੀ ਹੈ। ਰਸ ਚੂਸਣ ਕਰਕੇ ਨਰਮ ਤਣੇ ਅਤੇ ਫੁੱਲ ਸੁੱਕ ਜਾਂਦੇ ਹਨ, ਵਿਕਸਿਤ ਫਲਾਂ ਵਿਚ ਰਸ ਨਹੀਂ ਪੈਂਦਾ ਅਤੇ ਉਹ ਪੱਕਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ। ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿਚ ਅੰਬ ਦੇ ਦਰੱਖਤ ਨੂੰ ਫਲ ਬਿਲਕੁਲ ਨਹੀਂ ਪੈਂਦਾ। ਧੁੱਪ ਵਾਲੇ ਦਿਨ ਇਹਨਾਂ ਦੀ ਗਤੀਵਿਧੀ ਜ਼ਿਆਦਾ ਤੇਜ਼ ਹੁੰਦੀ ਹੈ।

**ਕੀੜੇ ਦੀ ਰੋਕਥਾਮ**

★ ਦਸੰਬਰ ਦੇ ਮਹੀਨੇ ਵਿਚ ਕੀੜਿਆਂ ਨੂੰ ਦਰਖਤ ਤੇ ਚੜ੍ਹਨ ਤੋਂ ਰੋਕਣ ਲਈ ਤਿਲਕਵੀਂ (ਐਲਕਾਥੀਨ) ਪੱਟੀ ਅੰਬ ਦੇ ਤਣੇ ਦੇ ਆਲੇ-ਦੁਆਲੇ ਲਪੇਟੋ।

★ ਇਹ ਤਿਲਕਵੀਂ ਪੱਟੀ 15-20 ਸੈਂਟੀਮੀਟਰ ਚੌੜੀ ਪਲਾਸਟਿਕ ਦੀ ਹੋਣੀ ਚਾਹੀਦੀ ਹੈ। ਇਹ ਪੱਟੀ ਤਣੇ ਦੇ ਹੇਠਲੇ ਹਿੱਸੇ ਵਿਚ ਲਗਾਓ, ਜਿਸ ਦੇ ਉੱਪਰਲੇ ਅਤੇ ਥੱਲੇ ਵਾਲੇ ਕਿਨਾਰਿਆਂ ਤੇ 2-3 ਮੇਖਾਂ ਲਗਾਉ। ਪੱਟੀ ਦਾ ਥੱਲੇ ਵਾਲਾ ਕਿਨਾਰਾ ਜ਼ਮੀਨ ਨਾਲ ਲੱਗ ਜਾਵੇ ਤਾਂ ਗੁਦਹਿੜੀ ਦੇ ਬੱਚੇ ਪੱਟੀ ਦੇ ਹੇਠਾਂ ਤੋਂ ਹੋ ਕੇ ਦਰਖਤ ਤੇ ਨਾ ਚੜ੍ਹ ਸਕਣ।


★ ਗਰਮੀਆਂ ਵਿਚ ਅੰਬ ਦੇ ਦੌਰ ਦੀ ਗੁਡਾਈ ਕਰੋ ਤਾਂ ਜੋ ਕੀੜੇ ਦੇ ਆਂਡੇ ਅਤੇ ਬੱਚੇ ਬਾਹਰ ਆ ਜਾਣ ਤੇ ਧੁੱਪ ਨਾਲ ਮਰ ਜਾਣ।

### ਸਰਦੀਆਂ ਵਿੱਚ

# ਕੱਟੜੂਆਂ/ਵੱਛੜੂਆਂ ਨੂੰ ਠੰਢ ਤੋਂ ਬਚਾਅ ਲਈ ਸਾਵਧਾਨੀਆਂ

★ **ਖੁਰਾਕੀ ਪ੍ਰਬੰਧ** : ਠੰਡੇ ਮੌਸਮ ਵਿਚ ਖੁਰਾਕ ਦੋ ਵਾਰ ਦੀ ਬਜਾਏ ਘੱਟ ਘੱਟ ਤਿੰਨ ਵਾਰ ਅਤੇ ਹਰ ਵਾਰ ਇੱਕੋ ਜਿਹੀ ਮਾਤਰਾ ਵਿਚ ਦਿਓ। ਘੱਟ ਤਾਪਮਾਨ ਹੋਣ ਨਾਲ ਜਾਨਵਰਾਂ ਵਿਚ ਊਰਜਾ ਦੀ ਲੋੜ ਵਿਚ 1.0% ਤੱਕ ਵੱਧ ਜਾਂਦੀ ਹੈ, ਜਦੋਂ ਕਿ ਭਿੱਜੇ ਜਾਨਵਰਾਂ ਵਿਚ ਇਹ ਵਾਧਾ 2.0% ਹੁੰਦਾ ਹੈ। ਵਧੇਰੇ ਵਾਰ ਖੁਰਾਕ ਦੇਣ ਨਾਲ ਇਹ ਜ਼ਰੂਰਤ ਪੂਰੀ ਕੀਤੀ ਜਾ ਸਕਦੀ ਹੈ। ਜਾਨਵਰਾਂ ਨੂੰ ਖੱਲ੍ਹ ਅਤੇ ਗੁੜ ਮਿਲਾ ਕੇ ਦੇਣ ਨਾਲ ਇੰਫੈਕਸ਼ਨ ਦਾ ਖਤਰਾ ਘੱਟ ਜਾਂਦਾ ਹੈ। ਸੰਤੁਲਿਤ ਖੁਰਾਕ ਲਈ ਅਤੇ ਅਫਾਰੇ ਅਤੇ ਮੋਕ ਤੋਂ ਬਚਾਅ ਲਈ ਫਲੀਦਾਰ ਹਰੇ ਚਾਰੇ, ਨੂੰ ਗੈਰਫਲੀਦਾਰ ਚਾਰੇ ਅਤੇ ਤੂੜੀ ਨਾਲ ਰਲਾ ਕੇ ਹੀ ਦੇਣਾ ਚਾਹੀਦਾ ਹੈ।

★ **ਰਿਹਾਇਸ਼ੀ ਪ੍ਰਬੰਧ** : ਜਾਨਵਰਾਂ ਦੀ ਰਹਿਣ ਸਹਿਣ ਤੇ ਖਾਸ ਧਿਆਨ



ਦਿਓ ਕਿਉਂਕਿ ਅਣ-ਉਪਯੁਕਤ ਨਿਵਾਸ ਹਾਈਪੋਥਰਮੀਆ ਦਾ ਵੱਡਾ ਕਾਰਨ ਹੈ। ਸ਼ੈਡ ਵਿਚ ਪਾਣੀ ਦੇ ਨਿਕਾਸ ਅਤੇ ਹਵਾਦਾਰੀ ਦਾ ਉੱਤਮ ਪ੍ਰਬੰਧ ਚਾਹੀਦਾ ਹੈ। ਸ਼ੈੱਡ ਵਿਚ ਠੰਡ ਹੋਣ ਕਾਰਨ ਅਤੇ ਹਵਾਦਾਰ ਨਾ ਹੋਣ ਦੀ ਸੂਰਤ ਵਿਚ ਇਕੱਠੀ ਹੋਈ ਅਮੋਨੀਆ ਦੀ ਗੰਧ ਜਾਨਵਰਾਂ ਲਈ ਨੁਕਸਾਨਦੇਹ ਹੋ ਸਕਦੀ ਹੈ। ਸ਼ੈਡ ਪੂਰਬ-ਪੱਛਮ ਦਿਸ਼ਾ ਵਿਚ ਰੱਖਣ ਨਾਲ ਸਰਦੀਆਂ ਵਿਚ ਵਧੇਰੇ ਧੁੱਪ ਆਉਂਦੀ ਹੈ। ਸ਼ੈਡ ਨੂੰ



ਪੱਲੀਆਂ/ਤਰਪਾਲਾਂ ਨਾਲ ਢੱਕਣ, ਛੱਤ ਉੱਤੇ ਸਰਕੰਡਾ ਪਾਉਣ, ਧੁੱਪ/ਨਿੱਘ ਅਤੇ ਰੌਸ਼ਨੀ ਲਈ ਸਹੀ ਤਿਆਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਬਿਮਾਰ ਜਾਂ ਕਮਜ਼ੋਰ ਜਾਨਵਰਾਂ ਨੂੰ ਬੋਰੀਆਂ ਜਾਂ ਸੱਕ ਦੇ ਕੱਪੜਿਆਂ ਦੇ ਝੁੱਲ ਬੰਨ੍ਹਣੇ ਚਾਹੀਦੇ ਹਨ। ਜਾਨਵਰਾਂ ਨੂੰ ਧੂੰਏਂ ਤੋਂ ਵੀ ਬਚਾਅ ਜ਼ਰੂਰੀ ਹੈ।

★ **ਜੀਵ ਵਿਗਿਆਨਕ ਤਣਾਅ** : ਬਹੁਤੀ ਠੰਢ ਵਿਚ ਟੀਕਾਕਰਨ ਅਤੇ ਡੀਹਾਰਨਿੰਗ ਤੋਂ ਬਚਣਾ ਚਾਹੀਦਾ ਹੈ। ਟੀਕਾਕਰਨ ਜਿਵੇਂ ਕਿ ਮੂੰਹ ਖੁਰ ਦੀ ਬਿਮਾਰੀ, ਪੈਸਟ ਡੈਸ ਪੇਟੀਟਸ ਰੁਮੀਨੈਂਟਸ, ਜੋ ਕਿ ਬੱਕਰੀਆਂ ਅਤੇ ਭੇਡਾਂ ਦਾ ਵਾਇਰਸ ਰੋਗ ਹੈ, ਹੇਮੋਰਹੈਜਿਕ ਸੈਪਟੀਸੀਮੀਆ, ਐਂਟਰੋਟੋਕਸੀਮੀਆ ਅਤੇ ਬਲੈਕ ਕੁਆਰਟਰ ਨੂੰ ਸਰਦੀ / ਹੜ੍ਹ ਦੇ ਅਰੰਭ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਰਦੀ ਵਿਚ ਸੰਕਰਮਨ ਜ਼ਿਆਦਾਤਰ ਨਵਜਾਤ ਜਾਨਵਰਾਂ ਨੂੰ ਹੀ ਪ੍ਰਭਾਵਿਤ ਕਰਦਾ ਹੈ।

★ **ਪਰਜੀਵੀ ਨਿਯੰਤਰਣ** : ਪਰਜੀਵੀਆਂ ਦੇ ਨਿਯੰਤਰਣ ਲਈ ਗੋਹੇ ਦੇ ਵਿਸ਼ਲੇਸ਼ਣ / ਟੈਸਟ ਆਧਾਰਿਤ ਡੀਵਾਰਮਿੰਗ ਕਰਨੀ ਚਾਹੀਦੀ ਹੈ। ਬਾਹਰੀ ਪਰਜੀਵੀਆਂ ਤੋਂ ਬਚਾਅ ਲਈ ਵੀ ਸਰਦੀਆਂ ਦੀ ਆਮਦ ਤੋਂ ਪਹਿਲਾਂ ਹੀ ਬਿਊਟੌਕਸ / ਟੈਕਟਿਕ (2 ਮਿ. ਲੀ./ਲੀਟਰ ਪਾਣੀ ਦੀ ਪਸ਼ੂਆਂ ਅਤੇ ਸ਼ੈੱਡ ਵਿਚ ਸਪਰੇਅ ਕਰੋ। ਧਿਆਨ ਦਿਓ ਕਿ ਜ਼ਰੂਰਤ ਅਨੁਸਾਰ ਕੀਟਨਾਸ਼ਕ ਦਵਾਈਆਂ ਫਾਰਮ ਦੇ ਉਤਪਾਦਨ ਅਤੇ ਸਿਹਤ ਵਿਚ ਵਾਧਾ ਕਰਦੀਆਂ ਹਨ ਜਦਕਿ ਦਵਾਇਆਂ ਦਾ ਗੈਰਜ਼ਰੂਰੀ ਇਸਤੇਮਾਲ ਪ੍ਰਤੀਰੋਧ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ।

★ **ਨਾੜੂਏ ਦੇ ਸੰਕਰਮਣ ਦੀ ਜਾਂਚ** : ਇਸ ਤੋਂ ਬਚਾਅ ਲਈ ਐਂਟੀ ਬੈਕਟੀਰੀਅਲ ਕਰੀਮ ਲਗਾਉਣਾ ਅਤਿਅੰਤ ਜ਼ਰੂਰੀ ਹੈ।

★ **ਮੈਸਟਾਈਟਿਸ ਤੋਂ ਬਚਾਅ** : ਪਸ਼ੂਆਂ ਵਿਚ ਦੁੱਧ ਚੋਣ ਮਗਰੋਂ ਲੇਵੇ ਨੂੰ ਕਿਰਮ ਨਾਸ਼ਕ ਘੋਲ ਨਾਲ ਸਾਫ ਕਰਨਾ ਚਾਹੀਦਾ ਹੈ।

**ਸਤਬੀਰ ਸਿੰਘ ਅਤੇ ਅਪਰਣਾ ਗੁਪਤਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ**
**ਮੋਬਾਇਲ** : 99882-27872



# ਪਸ਼ੂਧਨ ’ਤੇ ਸਰਦੀਆਂ ਦਾ ਪ੍ਰਭਾਵ ਅਤੇ ਇਸਦਾ ਪ੍ਰਬੰਧਨ

ਸਰਦੀਆਂ ਦੌਰਾਨ ਕਈ ਵਾਰ ਘੱਟੋ-ਘੱਟ ਤਾਪਮਾਨ 1 ਤੋਂ 2 ਸੈਂਟੀਗਰੇਡ ਤੱਕ ਵੀ ਪਹੁੰਚ ਜਾਂਦਾ ਹੈ ਜਿਸਦਾ ਦੁਧਾਰੂ ਪਸ਼ੂਆਂ ਦੀਆਂ ਅੰਦਰੂਨੀ ਸਰੀਰਕ ਕਿਰਿਆਵਾਂ ਤੇ ਮਾੜਾ ਪ੍ਰਭਾਵ ਪੈਂਦਾ ਹੈ। ਜ਼ਿਆਦਾ ਠੰਡ ਪੈਣ ਨਾਲ ਸਰੀਰਕ ਤਾਪਮਾਨ ਨਿਯੰਤ੍ਰਿਤ ਕਰਨ ਲਈ ਊਰਜਾ ਦੀ ਖਪਤ ਵੀ ਵਧ ਜਾਂਦੀ ਹੈ ਅਤੇ ਦੁੱਧ ਦੇਣ ਦੀ ਸਮਰੱਥਾ ਵੀ ਘੱਟ ਜਾਂਦੀ ਹੈ। ਸਰਦੀ ਦੇ ਪ੍ਰਭਾਵ ਨੂੰ ਹੇਠ ਲਿਖੇ ਪ੍ਰਬੰਧਕੀ ਨੁਕਤਿਆਂ ਰਾਹੀਂ ਹਲ ਕੀਤਾ ਜਾ ਸਕਦਾ ਹੈ :

**ਜ਼ਰੂਰੀ ਪ੍ਰਬੰਧ** :

★ ਸਰਦੀਆਂ ਦੀ ਆਮਦ ਤੇ ਮੂੰਹ ਖੁਰ ਅਤੇ ਗਲ ਘੋਟੂ ਬਿਮਾਰੀਆਂ ਲਈ ਟੀਕਾਕਰਨ ਤਰਜੀਹ ਦੇ ਤੌਰ ਤੇ ਮੁਕੰਮਲ ਕਰ ਲਓ।

★ ਬਾਹਰਲੇ ਤਾਪਮਾਨ ਨਾਲ ਸਾਹਮਣਾ ਕਰਨ ਲਈ ਪਸ਼ੂਆਂ ਦੀ ਖੁਰਾਕ ਵਿਚ ਵਾਧਾ ਕਰੋ।

★ ਬਰਸੀਮ ਨੂੰ ਗੈਰ-ਫਲੀਦਾਰ ਚਾਰਿਆਂ ਅਤੇ ਤੂੜੀ ਨਾਲ ਰਲਾ ਕੇਪਾਓ, ਇਸ ਨਾਲ ਨਿਰੀ ਬਰਸੀਮ ਕਾਰਨ ਹੋਣ ਵਾਲੇ ਅਫਾਰੇ ਤੋਂ ਬਚਾਅ ਰਹੇਗਾ।

★ ਫਟੇ ਹੋਏ ਥਣਾਂ ਦੇ ਇਲਾਜ ਲਈ ਦੁੱਧ ਨਾ ਲਗਾਓ ਬਲਕਿ ਗਲਿਸਰੀਨ ਅਤੇ ਬੀਟਾਡੀਨ ਦੇ ਘੋਲ (1:3) ਵਿਚ ਥਣਾਂ ਨੂੰ ਡੁਬਾ ਦਿਓ।

★ ਜੇਕਰ ਪਸ਼ੂ ਤਾਰਾਂ ਕਰਦਾ ਹੋਵੇ ਤਾਂ ਉਸਨੂੰ ਗਰਭਦਾਨ ਦਾ ਟੀਕਾ ਲਗਾਉਣਾ ਚਾਹੀਦਾ ਹੈ।

★ ਸ਼ੈੱਡ ਦੀ ਦਿਸ਼ਾ ਲੰਬੇ ਧੁਰੇ ਤੋਂ ਉੱਤਰ-ਪੱਛਮ ਤੋਂ ਦੱਖਣ-ਪੂਰਬ ਵੱਲ ਰੱਖਣ ਨਾਲ ਠੰਡੀਆਂ ਹਵਾਵਾਂ ਸਿੱਧੀਆਂ ਸ਼ੈੱਡ ਅੰਦਰ ਦਾਖਲ ਹੋਣ ਤੋਂ ਰੋਕੀਆਂ ਜਾ ਸਕਦੀਆਂ ਹਨ।

★ ਸ਼ੈੱਡ ਵਿਚ ਹਵਾ ਦੀ ਗਤੀ ਨੂੰ ਘਟਾਉਣ ਲਈ ਖੁੱਲ੍ਹੇ ਪਾਸੇ ਤੋਂ ਤਰਪਾਲ ਨਾਲ ਢੱਕ ਦਿਓ। ਧੁੱਪ ਲੱਗਣ ਤੇ ਤਰਪਾਲ ਚੱਕ ਦਿਓ ਇਸ ਨਾਲ ਸ਼ੈੱਡ ਅੰਦਰਲੀ ਨਮੀਂ ਕੰਟਰੋਲ ਰਹੇਗੀ। ਇਸ ਦੇ ਨਾਲ ਨਾਲ ਛੱਤ ਤੇ ਪਰਾਲੀ ਪਾ ਕੇ ਵੀ ਤਾਪਮਾਨ ਨਿਯੰਤ੍ਰਿਤ ਕੀਤਾ ਜਾ ਸਕਦਾ ਹੈ।

★ ਨਵੇਂ ਜੰਮੇਂ ਕੱਟੜੂਆਂ/ਵਛੜੂਆਂ ਅਤੇ ਪਸ਼ੂਆਂ ਥੱਲੇ ਸੁੱਕੀ ਪਰਾਲੀ ਜਾਂ ਘਾਹ ਆਦਿ ਦੀ ਸੁੱਕ ਵਿਛਾਓ। ਇਸ ਤਰ੍ਹਾਂ ਨਵੇਂ ਜੰਮੇ ਕੱਟੜੂਆਂ/ਵਛੜੂਆਂ ਵਿਚ ਨਿਮੂਨੀਆ ਤੋਂ ਵੀ ਬਚਾਅ ਰਹੇਗਾ।

★ ਸਰਦੀ ਦੇ ਦਿਨਾਂ ਵਿਚ ਪਸ਼ੂਆਂ ਨੂੰ ਧੁੱਪ ਵਿਚ ਜ਼ਰੂਰ ਰੱਖੋ।

★ ਸਵੇਰੇ ਅਤੇ ਸ਼ਾਮ ਪਸ਼ੂਆਂ ਦੇ ਨਹਾਉਣ ਤੋਂ ਗੁਰੇਜ਼ ਕਰੋ ਖਾਸ ਕਰਕੇ ਜਿਹਨਾਂ ਦਿਨਾਂ ਦੌਰਾਨ ਸ਼ੀਤ ਲਹਿਰ ਚੱਲਦੀ ਹੋਵੇ।

★ ਸਰਦੀਆਂ ਵਿਚ ਪਸ਼ੂ ਖੁਰਾਕ ਵਿਚ ਪ੍ਰੋਟੀਨ ਦੀ ਮਾਤਰਾ ਘਟਾਈ ਜਾ ਸਕਦੀ ਹੈ ਕਿਉਂਕਿ ਬਰਸੀਮ, ਲੂਸਣ, ਰਾਈ ਘਾਹ ਚਾਰਿਆਂ ਵਿਚ 19-21% ਪ੍ਰੋਟੀਨ ਕੁਦਰਤੀ ਹੁੰਦੀ ਹੈ।

**ਅਰਪਨਾ ਅਤੇ ਸਤਬੀਰ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ** (ਮੋ. 73407-24999)

# ਗੇੜ ਗਧੀ ਦਾ ਭੇੜ ਜ਼ਿੱਦੀ ਦਾ

ਐਵੇਂ ਇਧਰ ਉੱਧਰ ਇਨਸਾਨ ਆਸ਼ਾਵਾਂ, ਇੱਛਾਵਾਂ ਦੀ ਭੱਜੇ ਫਿਰਨ ਕਰਕੇ ਬੋਲਿਆ ਜਾਂਦਾ ਹੈ। ਮਨੁੱਖ ਦੀ ਇਕ ਜਰੂਰਤ ਪੂਰੀ ਹੁੰਦੀ ਹੈ। ਦੂਸਰੀ ਪਹਿਲਾਂ ਆਣ ਨਜ਼ਰੀ ਆਉਂਦੀ ਹੈ ਅਤੇ ਮਨੁੱਖ ਉਹਨਾਂ ਨੂੰ ਪੂਰਾ ਕਰਨ ਵਿਚ ਹੋਰ ਕਦਮ ਤੇਜ਼ ਪੁੱਟਣ ਲੱਗ ਜਾਂਦਾ ਹੈ ਪਰ ਫਿਰ ਵੀ ਇਨਸਾਨ ਦੀ ਇਛਾਵਾਂ ਅਧੂਰੀਆਂ ਰਹਿ ਜਾਂਦੀਆਂ ਹਨ। ਸਾਡੇ ਪੰਜਾਬੀ ਵਿਦਵਾਨਾਂ, ਬੁੱਧੀਜੀਵੀ ਗਿਆਨ-ਵਾਨ ਲੇਖਕਾਂ ਨੇ ਮੁਹਾਵਰਿਆਂ ਨੂੰ ਪਰਖ ਕੇ ਸਮਾਜ ਵਿਚ ਸ਼ਾਮਲ ਕਰਿਆ। ਇਸ ਅਖਾਣ ਨੂੰ ਗਾਧੀ ਗੇੜ ਕਿਹਾ ਜਾਂਦਾ ਸੀ ਫੇਰ ਅਸੀਂ ਪੰਜਾਬੀਆਂ ਨੇ ਗਾਧੀ ਗੇੜ ਤੋਂ ਗਧੀ ਗੇੜ ਘੜ ਲਿਆ। ਇਸ ਤਰ੍ਹਾਂ ਹੀ ਵਰਤਣਾ ਸ਼ੁਰੂ ਕਰ ਦਿੱਤਾ ਅਤੇ ਗਧੀ ਗੇੜ ਮੁਹਾਵਰ ਜਾਣਕਾਰੀ ਮਿਲਦੀ ਕਿ ਪਸ਼ੂਆਂ ਨੂੰ ਕਾਮ ਪ੍ਰਵਿਰਤੀ ਲਈ ਆਪ ਦੌੜਨਾ ਪੈਂਦਾ ਸੀ। ਜੇ ਵਿਰੋਧੀ ਲਿੰਗ ਨਾ ਹੋਵੇ ਤੇ ਭੱਜ ਨੱਸ ਕਰਦੇ ਲੱਭਣਾ ਪੈਂਦਾ ਸੀ ਜਦ ਉਸ ਸਮੇਂ ਗਧੀ ਜਾਨਵਰ ਕਾਮ ਤ੍ਰਿਪਤੀ ਲਈ ਭੱਜਦੀ ਦੌੜਦੀ ਸੀ ਪਰ ਇੱਛਾ ਦੀ ਪੂਰਤੀ ਲਈ ਕਿਤੇ ਵੀ ਨਾ ਰੁੱਕਦੀ। ਕੁਦਰਤੀ ਗਧੀ ਨੂੰ ਬਖਸ਼ਿਸ਼ ਹੈ ਕਿ ਆਪਣੇ ਆਪ ਵਿਰੋਧੀ ਲਿੰਗ ਨਾਲ ਮੇਲ ਨਹੀਂ ਕਰਦੀ ਚਾਰੇ ਪਾਸੇ ਨਸ ਭੱਜ ਨੂੰ ਗਧੀ ਗੇੜ ਕਿਹਾ ਜਾਣ ਲੱਗਿਆ। ਗਾਧੀ ਦਾ ਗੇੜ ਇਕ ਦਾਇਰੇ ਵਿਚ ਸੀਮਤ ਹੁੰਦਾ ਹੈ ਜਿਵੇਂ ਗੰਨੇ ਪੀੜਨਾ ਆਟਾ ਪੀਸਣਾ ਖਰਾਸਤੇ ਖੂਹ ਦੀ ਗਾਧੀ ਪਾਣੀ ਕੱਢਣੀ ਹੈ। ਮਲੋਮਲੀ ਗਧੀ ਗੇੜ ਨੂੰ ਗਾਧੀ ਦੇ ਗੇੜ ਨਾਲ ਜੋੜਨਾ ਅਸੰਭਵ ਹੈ। ਜਿਵੇਂ ਜਿਦੀ ਲੋਕਾਂ ਦੇ ਭੇੜ ਨਹੀਂ ਹਟਦੇ ਬੇਸਮਝੀ ਵਿਚ ਭੇੜ ਚਲਦੇ ਰਹਿੰਦੇ ਹਨ। ਇਸੇ ਤਰ੍ਹਾਂ ਹੀ ਇਨਸਾਨ ਇਕ ਗਧੀ ਦੇ ਗੇੜ ਵਿਚ ਪਿਆ ਹੈ। ਹਫਕੇ ਉਹ ਬੈਠਦਾ ਹੈ।



**ਜਗਜੀਤ ਸਿੰਘ ਝੱਤਰਾ,**
**ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,**
**ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028**
**ਮੋ: 7814490249**

---------- ਬਾਕੀ ਸਫਾ 3 ਦੀ ----------

# ਕਣਕ ਦੀ ਫਸਲ ’ਚ ਨਦੀਨਾਂ ਦੀ ਰੋਕਥਾਮ

ਸਲਫੂਰਾਨ 3.6 ਡਬਲਿਯੂ ਡੀ ਜੀ (ਅਟਲਾਂਟਿਸ) ਜਾਂ 16 ਗ੍ਰਾਮ ਸਲਫੋਸਲਫੂਰਾਨ + ਮੈਟਸਲਫੂਰਾਨ 75 ਡਬਲਿਯੂ ਜੀ (ਟੋਟਲ) ਜਾਂ ਫਿਨੌਕਸਾਪ੍ਰੋਪ + ਮੈਟਰੀਬਿਊਜ਼ਿਨ 33 ਈ ਸੀ (ਐਕਾਰਡ ਪਲੱਸ) 500 ਮਿਲੀ ਲਿਟਰ ਜਾਂ 200 ਗ੍ਰਾਮ ਸ਼ਗਨ 21-11 (ਕਲੋਡਿਨੋਫਾਪ + ਮੈਟਰੀਬਿਊਜ਼ਿਨ) ਪ੍ਰਤੀ ਏਕੜ ਨੂੰ ਬਿਜਾਈ ਤੋਂ 30-35 ਦਿਨਾਂ ਅੰਦਰ 150 ਲਿਟਰ ਪਾਣੀ ਵਿਚ ਘੋਲ ਕੇ ਇਕਸਾਰ ਛਿੜਕਾਅ ਕਰਨਾ ਚਾਹੀਦਾ ਹੈ।

ਛਿੜਕਾਅ ਸਾਫ ਮੌਸਮ ਵਿਚ ਅਤੇ ਇਕਸਾਰ ਕਰੋ। ਛਿੜਕਾਅ ਤੋਂ ਬਾਅਦ ਪਾਣੀ ਹਲਕਾ ਲਾਓ ਕਿਉਂਕਿ ਭਰਵਾਂ ਪਾਣੀ ਲਾਉਣ ਨਾਲ ਨਦੀਨ ਨਾਸ਼ਕਾਂ ਦੀ ਕਾਰਜਕੁਸ਼ਲਤਾ ਘਟਦੀ ਹੈ। ਖੇਤੀ ਮਾਹਿਰਾਂ ਦੀਆਂ ਸਿਫਾਰਸ਼ਾਂ ਅਨੁਸਾਰ ਹੀ ਨਦੀਨ ਨਾਸ਼ਕ ਵਰਤੇ ਜਾਣ। ਛਿੜਕਾਅ ਤੋਂ ਬਾਅਦ ਛਿੜਕਾਅ ਪੰਪ ਨੂੰ ਕੱਪੜੇ ਧੋਣ ਦੇ ਸੋਡੇ ਦੇ 0.5% ਘੋਲ ਨਾਲ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ। ਨਦੀਨ ਨਾਸ਼ਕਾਂ ਦਾ ਛਿੜਕਾਅ ਕਰਨ ਲਈ ਹਮੇਸ਼ਾ ਫਲੈਟ ਫੈਨ ਜਾਂ ਫਲੱਡ ਜੈਟ (ਕੱਟ ਵਾਲੀ) ਨੋਜ਼ਲ ਦੀ ਵਰਤੋਂ ਕਰੋ।


**ਹਰ ਸਾਲ ਨਦੀਨ ਨਾਸ਼ਕਾਂ ਦੀ ਅਦਲ ਬਦਲ ਕੇ ਵਰਤੋਂ ਕਰੋ**

ਨਦੀਨਾਂ ਦੀ ਨਦੀਨਨਾਸ਼ਕਾਂ ਪ੍ਰਤੀ



ਰੋਧਣ ਸ਼ਕਤੀ ਪੈਦਾ ਹੋਣ ਤੋਂ ਰੋਕਣ ਲਈ ਹਰ ਸਾਲ ਨਦੀਨ ਨਾਸ਼ਕਾਂ ਦੀ ਅਦਲ ਬਦਲ ਕੇ ਵਰਤੋਂ ਕਰੋ। ਛਿੜਕਾਅ ਕਰਨ ਸਮੇਂ ਨੋਜ਼ਲ ਦੀ ਉਚਾਈ ਫਸਲ ਤੋਂ ਤਕਰੀਬਨ 1.5 (ਡੇਢ ਫੁੱਟ) ਦੀ ਉਚਾਈ ਤੇ ਰੱਖੋ ਅਤੇ ਛਿੜਕਾਅ ਸਿੱਧੀਆਂ ਪੱਟੀਆਂ ਵਿੱਚ ਆਰਾਮ ਨਾਲ ਇਕਸਾਰ ਕਰਨਾ ਚਾਹੀਦਾ ਹੈ। ਛਿੜਕਾਅ ਕਰਦੇ ਸਮੇਂ ਨੋਜ਼ਲ ਨੂੰ ਇਧਰ ਉਧਰ ਨਾ ਘੁਮਾਉ। ਨਦੀਨਨਾਸ਼ਕਾਂ ਦੀ ਵਰਤੋਂ ਤੋ ਬਾਅਦ ਵੀ ਜੋ ਬੂਟੇ ਬਚ ਜਾਂਦੇ ਹਨ ਉਨ੍ਹਾਂ ਨੂੰ ਪੁੱਟ ਕੇ ਨਸ਼ਟ ਕਰ ਦੇਣਾ ਤਾਂ ਜੋ ਅਗਲੀ ਫਸਲ ਵਿੱਚੋਂ ਨਦੀਨਾਂ ਦੀ ਸਮੱਸਿਆ ਨੂੰ ਘੱਟ ਕੀਤਾ ਜਾ ਸਕੇ। ਕਣਕ ਦੀ ਫਸਲ ਨੂੰ ਪਹਿਲਾ ਪਾਣੀ ਹਲਕਾ ਲਗਾਓ। ਨਦੀਨਨਾਸ਼ਕ ਖ੍ਰੀਦਣ ਸਮੇਂ ਡੀਲਰ ਤੋਂ ਬਿੱਲ ਡੀਲਰ ਤੋਂ ਬਿੱਲ ਜ਼ਰੂਰ ਲਓ। ਵਧੇਰੇ ਤਕਨੀਕੀ ਜਾਣਕਾਰੀ ਲਈ ਯੂ ਟਿਊਬ ਚੈਨਲ ਉੱਨਤ ਖੇਤੀ ਪੰਜਾਬ ਨੂੰ ਸਬਸਕ੍ਰਾਈਬ ਵੀ ਕੀਤਾ ਜਾ ਸਕਦਾ ਹੈ।

# ਕੌਮੀ ਖੇਤੀ ਮੰਡੀ ਨੀਤੀ ਰਾਜਾਂ ਤੇ ਕਿਸਾਨਾਂ ਦੇ ਹਿੱਤ ਵਿਚ ਨਹੀਂ



ਡਾ. ਦਰਸ਼ਨ ਪਾਲ, ਕੌਮੀ ਪ੍ਰਧਾਨ,
ਕ੍ਰਾਂਤੀਕਾਰੀ ਕਿਸਾਨ ਯੂਨੀਅਨ
ਮੋਬਾਈਲ : 94172-69294

**ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ ਦੇ ਇਸ ਖਰੜੇ ਦਾ ਮੁੱਖ ਮੰਤਵ ਸਰਕਾਰੀ ਮੰਡੀਆਂ ਨੂੰ ਤੋੜਨਾ ਅਤੇ ਨਿੱਜੀ ਥੋਕ ਮੰਡੀਆਂ ਬਣਾਉਣਾ ਹੈ। ਇਸ ਕਦਮ ਨਾਲ ਅਡਾਨੀ, ਅੰਬਾਨੀ ਅਤੇ ਹੋਰ ਕਾਰਪੋਰੇਟ ਘਰਾਣਿਆਂ ਦਾ ਖੇਤੀ ਖੇਤਰ ਨੂੰ ਕਾਬੂ ਕਰਨ ਦਾ ਰਾਹ ਪੱਧਰਾ ਹੋ ਜਾਵੇਗਾ। ਇਕ-ਦੋ ਸਾਲ ਕਾਰਪੋਰੇਟ ਘਰਾਣਿਆਂ ਵਲੋਂ ਜ਼ਿਆਦਾ ਭਾਅ ਦੀ ਪੇਸ਼ਕਸ਼ ਨਾਲ ਮੰਡੀਆਂ ਵੱਲੋਂ ਕਿਸਾਨਾਂ ਦਾ ਰੁਝਾਨ ਪੈਦਾ ਕਰ ਕੇ ਸਰਕਾਰ ਏ ਪੀ ਐਮ ਸੀ ਮੰਡੀ 'ਤੇ ਕਿਸਾਨਾਂ ਦੀ ਨਿਰਭਰਤਾ ਘਟਾ ਕੇ ਐਮ ਐਸ ਪੀ ਪ੍ਰਣਾਲੀ ਦਾ ਭੋਗ ਪਾਉਣਾ ਚਾਹੀਦਾ ਹੈ**

25 ਨਵੰਬਰ, 2024 ਨੂੰ ਭਾਰਤ ਸਰਕਾਰ ਦੀ ਇਕ 12 ਮੈਂਬਰੀ ਕਮੇਟੀ ਨੇ 'ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ' ਦਾ ਖਰੜਾ ਪੇਸ਼ ਕੀਤਾ ਹੈ ਅਤੇ ਹਮੇਸ਼ਾਂ ਦੀ ਤਰ੍ਹਾਂ ਤਾਨਾਸ਼ਾਹੀ ਰਵੱਈਏ ਨਾਲ ਰਾਜਾਂ ਨੂੰ ਸਿਰਫ 15 ਦਿਨ ਦਾ ਸਮਾਂ ਦੇ ਕੇ ਨੀਤੀ ਬਾਰੇ ਸੁਝਾਅ ਮੰਗੇ ਗਏ ਸਨ। ਖਰੜੇ 'ਚ ਦੇਸ਼ ਦੇ ਮੌਜੂਦਾ ਮੰਡੀਕਰਨ ਢਾਂਚੇ ਨੂੰ ਨਾਕਾਫੀ ਦੱਸਦੇ ਹੋਏ ਇਸ 'ਚ ਕਈ ਤਰ੍ਹਾਂ ਦੀਆਂ ਸੋਧਾਂ ਕਰਨ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ ਅਤੇ ਇਹ ਦਾਅਵੇ ਕੀਤੇ ਗਏ ਹਨ ਕਿ ਇਨ੍ਹਾਂ ਸੋਧਾਂ ਨਾਲ ਮੰਡੀਕਰਨ 'ਚ ਸੁਧਾਰ ਹੋਵੇਗਾ ਅਤੇ ਕਿਸਾਨਾਂ ਦੀ ਆਮਦਨੀ 'ਚ ਵਾਧਾ ਹੋਵੇਗਾ ਪਰ ਅਸਲ 'ਚ ਇਹ ਖੇਤੀ ਨੀਤੀ ਸਾਲ 2020-21 'ਚ ਦਿੱਲੀ ਦੀਆਂ ਬਰੂਹਾਂ 'ਤੇ 13 ਮਹੀਨੇ ਲੜੇ ਗਏ ਲੰਬੇ ਸੰਘਰਸ਼ ਤੋਂ ਬਾਅਦ ਰੱਦ ਕਰਵਾਏ ਗਏ ਤਿੰਨ 'ਕਾਲੇ ਖੇਤੀ ਕਾਨੂੰਨਾਂ' ਜਿਸ 'ਚ ਸਰਕਾਰੀ ਮੰਡੀਆਂ ਨੂੰ ਤੋੜਨਾ ਅਤੇ ਠੇਕਾ ਖੇਤੀ ਲਾਗੂ ਕਰਨਾ ਸੀ, ਨੂੰ ਮੋਦੀ ਸਰਕਾਰ ਵਲੋਂ ਦੁਬਾਰਾ ਨਵੇਂ ਰੂਪ 'ਚ ਲੈ ਕੇ ਆਉਣ ਦੀ ਕੋਸ਼ਿਸ਼ ਹੈ। ਇਹ ਖਰੜਾ ਉਸ ਵੇਲੇ ਪੇਸ਼ ਕੀਤਾ ਗਿਆ ਹੈ, ਜਦੋਂ ਪੰਜਾਬ ਅਤੇ ਹੋਰ ਰਾਜਾਂ ਦੇ ਕਿਸਾਨ ਲਗਾਤਾਰ (ਐਮ ਐਸ ਪੀ) ਦੀ ਕਾਨੂੰਨੀ ਗਾਰੰਟੀ ਅਤੇ ਕਰਜ਼ਾ ਮੁਕਤੀ ਦੀ ਮੰਗ ਕਰ ਰਹੇ ਹਨ ਅਤੇ ਇਸ ਲਈ ਤਿੱਖੇ ਸੰਘਰਸ਼ ਲੜ ਰਹੇ ਹਨ। ਪੰਜਾਬ ਦੀਆਂ ਕਈ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਪਿਛਲੇ 10 ਮਹੀਨਿਆਂ ਤੋਂ ਸ਼ੰਭੂ ਬਾਰਡਰ 'ਤੇ ਸੰਘਰਸ਼ ਕਰ ਰਹੀਆਂ ਹਨ ਅਤੇ ਪੰਜਾਬ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਖਨੌਰੀ ਬਾਰਡਰ 'ਤੇ 26 ਨਵੰਬਰ ਤੋਂ ਮਰਨ ਵਰਤ 'ਤੇ ਬੈਠੇ ਹਨ। ਇਨ੍ਹਾਂ ਸਥਿਤੀਆਂ 'ਚ ਮੋਦੀ ਸਰਕਾਰ ਵਲੋਂ ਕਾਰਪੋਰੇਟ ਪੱਖੀ ਖੇਤੀ ਮੰਡੀਕਰਨ ਦੀ ਨੀਤੀ ਲੈ ਕੇ ਆਉਣਾ ਸਰਕਾਰ ਦੇ ਕਿਸਾਨ ਅਤੇ ਲੋਕ ਵਿਰੋਧੀ ਰਵੱਈਏ ਨੂੰ



ਜੱਗ ਜ਼ਾਹਿਰ ਕਰਦਾ ਹੈ।

ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ ਦੇ ਇਸ ਖਰੜੇ ਦਾ ਮੁੱਖ ਮੰਤਵ ਸਰਕਾਰੀ ਮੰਡੀਆਂ ਨੂੰ ਤੋੜਨਾ ਅਤੇ ਨਿੱਜੀ ਥੋਕ ਮੰਡੀਆਂ ਬਣਾਉਣਾ ਹੈ। ਇਸ ਕਦਮ ਨਾਲ ਅਡਾਨੀ, ਅੰਬਾਨੀ ਅਤੇ ਹੋਰ ਕਾਰਪੋਰੇਟ ਘਰਾਣਿਆਂ ਦਾ ਖੇਤੀ ਖੇਤਰ ਨੂੰ ਕਾਬੂ ਕਰਨ ਦਾ ਰਾਹ ਪੱਧਰਾ ਹੋ ਜਾਵੇਗਾ। ਇਕ-ਦੋ ਸਾਲ ਕਾਰਪੋਰੇਟ ਘਰਾਣਿਆਂ ਵਲੋਂ ਜ਼ਿਆਦਾ ਭਾਅ ਦੀ ਪੇਸ਼ਕਸ਼ ਨਾਲ ਮੰਡੀਆਂ ਵੱਲੋਂ ਕਿਸਾਨਾਂ ਦਾ ਰੁਝਾਨ ਪੈਦਾ ਕਰ ਕੇ ਸਰਕਾਰ ਏ ਪੀ ਐਮ ਸੀ ਮੰਡੀ 'ਤੇ ਕਿਸਾਨਾਂ ਦੀ ਨਿਰਭਰਤਾ ਘਟਾ ਕੇ ਐਮ ਐਸ ਪੀ ਪ੍ਰਣਾਲੀ ਦਾ ਭੋਗ ਪਾਉਣਾ ਚਾਹੀਦਾ ਹੈ। ਇਸ ਨੀਤੀ ਨਾਲ ਇਕ ਤਾਂ ਚਿਰਾਂ ਤੋਂ ਖੇਤੀ ਅਤੇ ਜ਼ਮੀਨ 'ਤੇ ਕਬਜ਼ਾ ਕਰਨ ਦੀ ਕਾਰਪੋਰੇਟ ਅਦਾਰਿਆਂ ਦੀ ਮਨਸ਼ਾ ਨੂੰ ਪੂਰੀ ਕਰਨ ਦਾ ਇਰਾਦਾ ਹੈ, ਦੂਜਾ ਇਹ ਕੇਂਦਰ ਸਰਕਾਰ ਦਾ ਖੇਤੀ ਮੰਡੀਕਰਨ ਤੋਂ ਖਹਿੜਾ ਛੁਡਵਾਉਣ ਦਾ ਮਨਸੂਬਾ ਹੈ।

ਕੌਮੀ ਨੀਤੀ ਖਰੜੇ 'ਚ ਗੋਦਾਮਾਂ, ਕੋਲਡ ਸਟੋਰਾਂ ਅਤੇ ਸਾਈਲੋਜ਼ ਆਦਿ ਨੂੰ ਮੰਡੀਆਂ ਵਜੋਂ ਘੋਸ਼ਿਤ ਕਰਨ ਲਈ ਸੋਧਾਂ ਦਾ ਸੁਝਾਅ ਦਿੱਤਾ ਗਿਆ ਹੈ। ਇਨ੍ਹਾਂ ਸੋਧਾਂ ਨਾਲ ਪੰਜਾਬ ਅਤੇ ਹੋਰ ਖੇਤੀ ਪ੍ਰਧਾਨ ਸੂਬਿਆਂ 'ਚ ਕਈ ਨਵੇਂ ਖਤਰੇ ਪੈਦਾ ਹੋਣਗੇ, ਜਿਵੇਂ ਕਿ ਕਾਰਪੋਰੇਟ ਦੀ ਖੇਤੀਬਾੜੀ 'ਚ ਇਜਾਰੇਦਾਰੀ, ਫਸਲੀ ਲਾਗਤਾਂ ਦਾ ਵਧਣਾ, ਮੰਡੀ ਨੂੰ ਨਿਯਮਿਤ ਕਰਨ ਦੀਆਂ ਮੁਸ਼ਕਿਲਾਂ, ਛੋਟੇ ਕਿਸਾਨਾਂ ਨੂੰ ਆਰਥਿਕ ਘਾਟਾ, ਕਮਜ਼ੋਰ ਏ ਪੀ ਐਮ ਸੀ ਅਤੇ ਵਿਚੋਲਿਆਂ ਵਲੋਂ ਵਧੇਰੇ ਸ਼ੋਸ਼ਣ ਆਦਿ। ਗੋਦਾਮਾਂ, ਸਾਈਲੋਜ਼, ਕੋਲਡ ਸਟੋਰੇਜ ਆਦਿ ਮੰਡੀਆਂ ਘੋਸ਼ਿਤ ਕਰਨਾ ਅਤੇ ਸਿੱਧਾ ਖੇਤਾਂ 'ਚੋ ਨਿੱਜੀ ਵਪਾਰੀਆਂ ਦਾ ਪੈਦਾਵਾਰ ਖਰੀਦਣਾ, ਉਨ੍ਹਾਂ ਨੂੰ ਨਿਯਮਿਤ ਮੰਡੀਆਂ ਤੋਂ ਲਾਭੇ ਤਰ ਦੇਵੇਗਾ। ਇਸ ਨਾਲ ਨਾ ਸਿਰਫ ਏ ਪੀ ਐਮ ਸੀ ਨੂੰ ਮੰਡੀ ਫੀਸ ਰਾਹੀਂ ਆਮਦਨੀ ਦਾ ਨੁਕਸਾਨ ਹੋਵੇਗਾ, ਬਲਕਿ ਇਸ ਨਾਲ ਕਿਸਾਨਾਂ ਨੂੰ ਸ਼ੋਸ਼ਣ, ਕੀਮਤਾਂ ਦੇ ਉਤਰਾਅ-ਚੜ੍ਹਾਅ ਅਤੇ ਹੋਰ ਜ਼ੋਖਮਾਂ ਦਾ ਵੀ ਸਾਹਮਣਾ ਕਰਨਾ ਪਵੇਗਾ। ਨੀਤੀ ਸਿੱਧੇ ਰੂਪ 'ਚ ਅਡਾਨੀਆਂ ਦੇ ਪੰਜਾਬ ਵਿਚਲੇ ਸਾਈਲੋਜ਼ ਨੂੰ ਰਾਜ ਦੇ ਅਧਿਕਾਰ ਖੇਤਰ ਤੋਂ ਬਾਹਰ ਕਰ ਦੇਵੇਗੀ, ਜਿਸ ਨਾਲ ਕਿਸਾਨਾਂ ਦੀ ਲੁੱਟ ਦਾ ਸਿੱਧਾ ਰਾਹ ਖੁੱਲ੍ਹ ਜਾਵੇਗਾ।

ਮੋਦੀ ਸਰਕਾਰ ਤੋਂ ਮਨਸੂਖ ਕਰਵਾਇਆ ਗਿਆ ਦੂਸਰਾ ਕਾਨੂੰਨ ਠੇਕੇ ਦੀ ਖੇਤੀ ਦਾ ਸੀ। ਮੌਜੂਦਾ ਖੇਤੀ ਮੰਡੀ ਖਰੜੇ 'ਚ ਇਸ ਠੇਕਾ ਨੀਤੀ ਲਿਆਉਣ ਉੱਪਰ ਜ਼ੋਰ ਦਿੱਤਾ ਗਿਆ ਹੈ। ਠੇਕਾ ਖੇਤੀ ਨਾਲ ਦੇਸ਼ ਦਾ ਪਿਛਲਾ ਤਜਰਬਾ ਬੇਹੱਦ ਮਾੜਾ ਰਿਹਾ ਹੈ। ਪੈਪਸੀ ਅਤੇ ਮਹਿੰਦਰਾ ਰਾਹੀਂ ਕਰਵਾਈ ਠੇਕਾ ਖੇਤੀ ਨੀਤੀ ਨੇ ਕਿਸਾਨਾਂ ਦੀ ਲੁੱਟ ਕੀਤੀ ਹੈ। ਚੱਲ ਰਹੀ ਪੋਲਟਰੀ ਕੰਟਰੈਕਟ ਫਾਰਮਿੰਗ ਨੇ ਕਿਸਾਨਾਂ ਦਾ ਰੱਜ ਕੇ ਸ਼ੋਸ਼ਣ ਕੀਤਾ ਹੈ। ਮੁਨਾਫਾ ਕਮਾਉਣ ਦੀ ਹੋੜ 'ਚ ਲੱਗੀਆਂ ਵੱਡੀਆਂ ਕਾਰਪੋਰੇਸ਼ਨਾਂ ਅਕਸਰ ਨਿਯਮਾਂ 'ਚ ਚੋਰ-ਮੋਰੀਆਂ ਦਾ ਫਾਇਦਾ ਉਠਾਉਂਦੀਆਂ ਹਨ, ਨਿਰਭਰਤਾ ਪੈਦਾ ਕਰਦੀਆਂ ਹਨ ਅਤੇ ਇਕਪਾਸੜ ਸੌਦੇਬਾਜ਼ੀ ਦੀ ਸ਼ਕਤੀ ਕਿਸਾਨਾਂ ਨੂੰ ਕਮਜ਼ੋਰ ਬਣਾ ਦਿੰਦੀ ਹੈ।



ਦੇਸ਼ 'ਚ ਕੰਟਰੈਕਟ ਫਾਰਮਿੰਗ ਦੀ ਨੀਤੀ ਨੂੰ ਕੋਰੀ ਨਾਂਹ ਹੋਣੀ ਚਾਹੀਦੀ ਹੈ।

ਖੇਤੀਬਾੜੀ ਮੰਡੀਕਰਨ ਨੀਤੀ ਖਰੜੇ 'ਚ ਐਮ ਐਸ ਪੀ ਦਾ ਜ਼ਿਕਰ ਤੱਕ ਵੀ ਨਹੀਂ ਹੈ ਜੋ ਨਾ ਸਿਰਫ ਖੇਤੀਬਾੜੀ ਮੰਡੀਕਰਨ ਦਾ ਇਕ ਬੁਨਿਆਦੀ ਤੱਤ ਹੈ, ਬਲਕਿ ਦੇਸ਼ 'ਚ ਕਿਸਾਨ ਅੰਦੋਲਨਾਂ ਵੀ ਸਭ ਤੋਂ ਵੱਡੀ ਮੰਗ ਵੀ ਇਹ ਹੀ ਰਹੀ ਹੈ। ਕਾਲੇ ਕਾਨੂੰਨ ਰੱਦ ਕਰਨ ਵੇਲੇ ਐਮ ਐਸ ਪੀ 'ਤੇ ਕੇਂਦਰ ਸਰਕਾਰ ਦੁਆਰਾ ਬਣਾਈ ਗਈ 26 ਮੈਂਬਰੀ ਕਮੇਟੀ ਨੇ ਢਾਈ ਸਾਲਾਂ 'ਚ ਕੁਝ ਵੀ ਨਹੀਂ ਕੀਤਾ, ਜਦੋਂ ਕਿ ਕਾਰਪੋਰੇਟ ਅਦਾਰਿਆਂ ਲਈ ਬਣਾਈ ਗਈ ਇਹ ਨੀਤੀ ਚੰਦ ਮਹੀਨਿਆਂ 'ਚ ਬਣ ਕੇ ਤਿਆਰ ਹੋ ਗਈ ਹੈ ਅਤੇ ਇਸ ਨੂੰ ਲਾਗੂ ਕਰਨ ਲਈ ਸਰਕਾਰ ਤਤਪਰ ਹੈ। ਸਰਕਾਰ ਨੂੰ ਕਿਸਾਨਾਂ ਦਾ ਸ਼ੋਸ਼ਣ ਕਰਨ ਵਾਲੀਆਂ ਨਿੱਜੀ ਮੰਡੀਆਂ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਸੀ2 + 50% ਨੂੰ ਯਕੀਨੀ ਬਣਾ ਕੇ ਐਮ ਐਸ ਪੀ ਨੂੰ ਵਧੇਰੇ ਅਸਰਦਾਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਪੰਜਾਬ ਰਾਜ ਨੀਤੀ (2023) ਵਿਚ ਵੀ ਸਵਾਮੀਨਾਥਨ ਕਮਿਸ਼ਨ ਮੁਤਾਬਿਕ ਐਮ ਐਸ ਪੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ 'ਤੇ ਜ਼ੋਰ ਦਿੱਤਾ ਹੈ। ਇੱਥੋਂ ਤੱਕ ਕਿ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸੰਸਦੀ ਸਟੈਂਡਿੰਗ ਕਮੇਟੀ ਨੇ ਤਾਂ ਐਮ ਐਸ ਪੀ ਨੂੰ ਕਾਨੂੰਨੀ ਗਾਰੰਟੀ ਦਾ ਰੂਪ ਦੇਣ ਦੀ ਸਿਫਾਰਸ਼ ਕੀਤੀ ਹੈ।

ਕਾਰਪੋਰੇਟ ਘਰਾਣਿਆਂ ਅਤੇ ਨਿੱਜੀ ਵਪਾਰੀਆਂ ਲਈ ਮਾਰਕੀਟ ਫੀਸ ਘਟਾਉਣ ਜਾਂ ਛੋਟ ਦੇਣ ਦਾ ਪ੍ਰਸਤਾਵ ਸਰਕਾਰੀ ਮੰਡੀ ਨੂੰ ਵਿੱਤੀ ਤੌਰ 'ਤੇ ਕਮਜ਼ੋਰ ਕਰੇਗਾ, ਜਿਸ ਨਾਲ ਮੰਡੀ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਪ੍ਰਭਾਵਿਤ ਹੋਣਗੀਆਂ ਜਿਨ੍ਹਾਂ 'ਤੇ ਪੰਜਾਬ ਦਾ ਪੇਂਡੂ ਅਰਥਚਾਰਾ ਨਿਰਭਰ ਕਰਦਾ ਹੈ। ਇਹ ਨੀਤੀ ਨਾਸ਼ਵਾਨ ਵਸਤਾਂ ਲਈ ਮਾਰਕੀਟ ਫੀਸ ਨੂੰ 1% ਅਤੇ ਗੈਰ-ਨਾਸ਼ਵਾਨ ਵਸਤਾਂ ਲਈ 2% ਤੱਕ ਸੀਮਤ ਕਰਨ ਦੀ ਵਕਾਲਤ ਕਰਦੀ ਹੈ। ਨਿੱਜੀ ਵਪਾਰੀਆਂ ਲਈ ਮਾਰਕੀਟ ਫੀਸ ਅਤੇ ਕਮਿਸ਼ਨ 'ਚ ਕਦੇ ਵੀ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਨਾ ਹੀ ਇਸ ਨੂੰ ਘੱਟ ਦਰਾਂ 'ਤੇ ਸੀਮਤ ਕੀਤਾ ਜਾਣਾ ਚਾਹੀਦਾ ਹੈ। ਇਹ ਫੀਸਾਂ ਰਾਜਾਂ ਲਈ ਆਮਦਨ ਦਾ ਇਕ ਮਹੱਤਵਪੂਰਨ ਸਰੋਤ ਹਨ, ਜਿਸ ਨਾਲ ਸਰਕਾਰੀ ਮੰਡੀਆਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ, ਲਿੰਕ ਸੜਕਾਂ ਦੇ ਨਿਰਮਾਣ ਅਤੇ ਹੋਰ ਜ਼ਰੂਰੀ ਸੇਵਾਵਾਂ ਲਈ ਫੰਡ ਪੈਦਾ ਹੁੰਦੇ ਹਨ। ਇਨ੍ਹਾਂ ਛੋਟਾਂ ਨਾਲ ਪੰਜਾਬ ਨੂੰ ਭਾਰੀ ਵਿੱਤੀ ਨੁਕਸਾਨ (4000-5000 ਕਰੋੜ ਰੁਪਏ ਸਾਲਾਨਾ) ਹੋਵੇਗਾ, ਜਿਸ ਨਾਲ ਸੂਬੇ ਦੇ ਖੇਤੀਬਾੜੀ ਮੰਡੀਕਰਨ ਦੇ ਵਿਕਾਸ 'ਚ ਬੁਰੀ ਤਰ੍ਹਾਂ ਰੁਕਾਵਟ ਆਵੇਗੀ। ਨਤੀਜੇ ਵਜੋਂ ਮਾਰਕੀਟ ਫੀਸਾਂ ਤੋਂ ਨਾਕਾਫੀ ਮਾਲੀਆ ਏ. ਪੀ. ਐਮ. ਸੀ. ਜਾਂ ਹੋਰ ਏਜੰਸੀਆਂ ਨੂੰ ਕੋਈ ਹੋਰ ਬਦਲਵਾਂ ਵਾਧੂ ਟੈਕਸ ਜਾਂ ਸਰਚਾਰਜ ਲਾਗੂ ਕਰਨ ਲਈ ਮਜਬੂਰ ਕਰ ਸਕਦਾ ਹੈ ਜੋ ਅਸਿੱਧੇ ਤੌਰ 'ਤੇ ਕਿਸਾਨਾਂ ਜਾਂ ਖਪਤਕਾਰਾਂ ਨੂੰ ਪ੍ਰਭਾਵਿਤ ਕਰਨਗੇ।

ਖੇਤੀ ਮੰਡੀ ਨੀਤੀ ਖਰੜੇ 'ਚ ਈ-ਟ੍ਰੇਡਿੰਗ ਅਤੇ ਡਿਜੀਟਲ ਮੰਡੀਕਰਨ ਦੀਆਂ ਸਿਫਾਰਸ਼ਾਂ ਵੀ ਕਾਰਪੋਰੇਟ ਘਰਾਣਿਆਂ ਦੇ ਹੱਕ 'ਚ ਭੁਗਤਣਗੀਆਂ, ਕਿਉਂਕਿ ਕਿਸਾਨ ਈ-ਟ੍ਰੇਡਿੰਗ ਵੱਲ ਨਹੀਂ ਜਾ ਸਕਦੇ। ਡਿਜੀਟਲ ਮੰਡੀਕਰਨ ਵੱਲ ਨੀਤੀ ਦਾ ਧਿਆਨ ਮੁੱਖ ਤੌਰ 'ਤੇ ਸਰਕਾਰੀ ਮੰਡੀਆਂ ਨਜ਼ਰਅੰਦਾਜ਼ ਕਰਦਿਆਂ ਨਿੱਜੀਕਰਨ ਅਤੇ ਜਨਤਕ-ਨਿੱਜੀ ਭਾਈਵਾਲੀ (ਪੀ. ਪੀ. ਪੀ.) ਮਾਡਲਾਂ ਰਾਹੀਂ ਨਿੱਜੀ ਵਪਾਰੀਆਂ ਨੂੰ ਲਾਭ ਪਹੁੰਚਾਵੇਗਾ। ਇਸ ਪਹੁੰਚ ਦਾ ਰਾਜ ਦੀ ਆਮਦਨ ਅਤੇ ਕਿਸਾਨਾਂ ਦੇ ਮੁਨਾਫੇ 'ਤੇ ਮਾੜਾ ਪ੍ਰਭਾਵ ਪਵੇਗਾ।

ਇਸ ਨੀਤੀ ਨਾਲ ਕਿਸਾਨਾਂ ਨੂੰ ਕੀਮਤਾਂ 'ਚ ਵਧੇਰੇ ਅਸਥਿਰਤਾ ਦਾ ਸਾਹਮਣਾ ਕਰਨਾ ਪਵੇਗਾ ਅਤੇ ਬਾਜ਼ਾਰ ਦੀਆਂ ਤਾਕਤਾਂ 'ਤੇ ਨਿਰਭਰਤਾ 'ਚ ਵਾਧਾ ਹੋਵੇਗਾ, ਜਿਸ ਦੇ ਨਤੀਜੇ ਵਜੋਂ ਕਿਸਾਨਾਂ ਦੇ ਸ਼ੋਸ਼ਣ ਅਤੇ ਵਿੱਤੀ ਅਸਥਿਰਤਾ 'ਚ ਵਾਧਾ ਹੋਵੇਗਾ। ਨਾਲ ਹੀ, ਇਹ ਨੀਤੀ ਅੰਤਰਰਾਸ਼ਟਰੀ ਖੇਤੀਬਾੜੀ ਮਾਰਕੀਟਿੰਗ ਦੀ ਅਣਦੇਖੀ ਕਰਦੀ ਹੈ, ਜਿੱਥੇ ਕੇਂਦਰ ਸਰਕਾਰ ਵਲੋਂ ਬੇਵਜ੍ਹਾ ਲਾਈਆਂ ਨਿਰਯਾਤ ਡਿਊਟੀਆਂ, ਪਾਬੰਦੀਆਂ ਅਤੇ ਘੱਟ-ਘੱਟ ਨਿਰਯਾਤ ਕੀਮਤਾਂ ਸਿੱਧੇ ਤੌਰ 'ਤੇ ਖੇਤੀਬਾੜੀ ਮੰਡੀਕਰਨ ਅਤੇ ਕਿਸਾਨਾਂ ਦੇ ਮੁਨਾਫੇ 'ਤੇ ਮਾੜਾ ਅਸਰ ਪਾਉਂਦੀਆਂ ਹਨ। ਇਹ ਨੀਤੀ ਰਾਜਾਂ ਦੇ ਅਧਿਕਾਰਾਂ 'ਤੇ ਹੀ ਸਿੱਧਾ ਹਮਲਾ ਹੈ, ਕਿਉਂਕਿ ਖੇਤੀ ਰਾਜਾਂ ਦਾ ਵਿਸ਼ਾ ਹੈ ਅਤੇ ਇਕ ਕੇਂਦਰੀ ਖੇਤੀਬਾੜੀ ਮੰਡੀਕਰਨ ਨੀਤੀ ਨਾਲ ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟੀ ਜਾਵੇਗੀ।

ਪੰਜਾਬ ਸਰਕਾਰ ਦੀ ਇਸ ਨੀਤੀ ਪ੍ਰਤੀ ਕਾਰਗੁਜ਼ਾਰੀ ਢਿੱਲੀ ਰਹੀ ਹੈ। ਕਿਸਾਨਾਂ ਅਤੇ ਆਮ ਲੋਕਾਈ ਵਲੋਂ ਵਿਰੋਧ ਸ਼ੁਰੂ ਹੋਣ ਤੋਂ ਬਾਅਦ ਹੀ ਸਰਕਾਰ ਨੇ ਇਸ ਵੱਲ ਤਵੱਜੋਂ ਦੇ ਕੇ ਮਾਹਿਰਾਂ ਅਤੇ ਕਿਸਾਨ ਲੀਡਰਾਂ ਨਾਲ ਮੀਟਿੰਗਾਂ ਕੀਤੀਆਂ ਹਨ। ਹੁਣ ਪੰਜਾਬ ਸਰਕਾਰ ਨੂੰ ਫੁਰਤੀ ਦਿਖਾ ਕੇ ਇਸ ਖੇਤੀਬਾੜੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ ਦੇ ਖਰੜੇ ਨੂੰ ਪੂਰੀ ਤਰ੍ਹਾਂ ਰੱਦ ਕਰ ਦੇਣਾ ਚਾਹੀਦਾ ਹੈ। ਇਸ ਕੰਮ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸ਼ੈਸ਼ਨ ਸੱਦ ਕੇ ਇਸ ਨੀਤੀ ਖਿਲਾਫ ਮਤਾ ਪਾਸ ਕਰਕੇ ਇਸ ਨੀਤੀ ਨੂੰ ਰੱਦ ਕੀਤਾ ਜਾਵੇ। ਇਸ ਦੇ ਬਦਲ ਵਜੋਂ ਪੰਜਾਬ ਸਰਕਾਰ ਵਲੋਂ ਗਠਿਤ 11 ਮੈਂਬਰੀ ਕਮੇਟੀ ਵਲੋਂ ਤਿਆਰ ਕੀਤੀ 'ਪੰਜਾਬ ਰਾਜ ਖੇਤੀ ਨੀਤੀ (2023)' ਨੂੰ ਲਾਗੂ ਕਰਨਾ ਹੀ ਸੂਬੇ ਦੇ ਹਿੱਤ 'ਚ ਹੋਵੇਗਾ।

# ਆਗਾਮੀ ਬਜਟ ਵਿੱਚ ਹੋਵੇ ਖੇਤੀ-ਕਿਸਾਨੀ ਮਜ਼ਬੂਤ ਕਰਨ ਦਾ ਰੋਡਮੈਪ



**ਡਾ. ਅੰਮ੍ਰਿਤ ਸਾਗਰ ਮਿੱਤਲ,**
**ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ, ਵਾਈਸ ਚੇਅਰਮੈਨ ਪੰਜਾਬ ਯੋਜਨਾ ਬੋਰਡ, ਪੰਜਾਬ ਇਕੋਨੋਮਿਕ ਪਾਲਿਸੀ**

ਇਸ ਸਮੇਂ ਜਦੋਂ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ 1 ਫਰਵਰੀ ਨੂੰ 2025-26 ਦਾ ਕੇਂਦਰੀ ਬਜਟ ਪੇਸ਼ ਕਰਨ ਲਈ ਤਿਆਰ ਹਨ, ਦੇਸ਼ ਇਕ ਨਿਰਣਾਇਕ ਮੋੜ 'ਤੇ ਖੜ੍ਹਾ ਹੈ। ਵਿੱਤੀ ਸਾਲ 2024-25 'ਚ ਜੀ. ਡੀ. ਪੀ. ਵਿਕਾਸ ਦਰ 4 ਸਾਲਾਂ ਦੇ ਹੇਠਲੇ ਪੱਧਰ 'ਤੇ 6.4 ਫੀਸਦੀ ਤੱਕ ਡਿੱਗਣ ਦਾ ਅਨੁਮਾਨ ਹੈ, ਅਜਿਹੇ 'ਚ ਪੇਂਡੂ ਅਰਥਵਿਵਸਥਾ ਨੂੰ ਮੁੜ ਸੁਰਜੀਤ ਕਰਨ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਜੋ ਕਿ ਦੇਸ਼ ਦੀ ਖਪਤ ਸੁਧਾਰਾਂ ਦੀ ਅਤਿ ਜ਼ਰੂਰੀ ਮੰਗ ਹੋਰ ਵੀ ਤੇਜ਼ ਹੋ ਗਈ ਹੈ, ਜਿਸ ਨੂੰ ਚੱਲ ਰਹੇ ਕਿਸਾਨ ਅੰਦੋਲਨ ਕਾਰਨ ਹੁੰਗਾਰਾ ਮਿਲਿਆ ਹੈ। ਪੰਜਾਬ ਦੀ ਖਨੌਰੀ ਸਰਹੱਦ 'ਤੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਮਰਨ ਵਰਤ 'ਤੇ ਬੈਠੇ 70 ਸਾਲਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਰਾਸ਼ਟਰੀ ਪੱਧਰ 'ਤੇ ਧਿਆਨ ਖਿੱਚਿਆ ਹੈ।

ਖੇਤੀਬਾੜੀ ਦੇਸ਼ ਦੇ ਲਗਭਗ 45 ਫੀਸਦੀ ਲੋਕਾਂ ਨੂੰ ਰੁਜ਼ਗਾਰ ਦਿੰਦੀ ਹੈ ਅਤੇ ਕਰੀਬ 60 ਫੀਸਦੀ ਤੋਂ ਜ਼ਿਆਦਾ ਪੇਂਡੂ ਆਬਾਦੀ ਖੇਤੀ ਦਾ ਕੰਮ ਸੰਭਾਲਦੀ ਹੈ, ਜੋ ਹੁਣ ਟੁੱਟਣ ਕਿਨਾਰੇ ਹੈ। ਸਥਿਰ ਉਤਪਾਦਕਤਾ, ਘਟਦੀ ਆਮਦਨ ਤੇ ਨੀਤੀਗਤ ਅਣਗਹਿਲੀ ਨੇ ਕਿਸਾਨਾਂ ਨੂੰ ਸੰਕਟ 'ਚ ਪਾ ਦਿੱਤਾ ਹੈ। ਇਹ ਬਜਟ ਕੇਵਲ ਵੱਡੇ-ਵੱਡੇ ਵਾਅਦਿਆਂ ਤੱਕ ਸੀਮਿਤ ਨਹੀਂ ਹੋ ਸਕਦਾ, ਇਹ ਰੋਜ਼ੀ-ਰੋਟੀ ਨੂੰ ਸੁਰੱਖਿਅਤ ਕਰਨ, ਪੇਂਡੂ ਮੰਗ ਨੂੰ ਮਜ਼ਬੂਤ ਕਰਨ ਤੇ ਪੇਂਡੂ-ਸ਼ਹਿਰੀ ਪਾੜੇ ਨੂੰ ਘਟਾਉਣ ਲਈ ਵਿਹਾਰਕ ਹੱਲ ਪ੍ਰਦਾਨ ਕਰਨ ਵਾਲੇ ਹੋਣਾ ਚਾਹੀਦਾ ਹੈ। ਖੇਤੀਬਾੜੀ ਨੂੰ ਮੁੜ ਸੁਰਜੀਤ ਕਰਨਾ ਸਿਰਫ ਇਕ ਆਰਥਿਕ ਲੋੜ ਹੀ ਨਹੀਂ ਹੈ, ਸਗੋਂ ਸੰਮਿਲਤ ਵਿਕਾਸ (ਇਨਕਲੂਸਿਵ ਗਰੋਥ) ਨੂੰ ਉਤਸ਼ਾਹਿਤ ਕਰਨ ਲਈ ਇਕ ਨੈਤਿਕ ਜ਼ਿੰਮੇਵਾਰੀ ਵੀ ਹੈ। ਇੱਥੇ ਦੱਸਿਆ ਗਿਆ ਹੈ ਕਿ 2025 ਦਾ ਬਜਟ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਕਰਨ ਤੇ ਪੇਂਡੂ ਖਰਚ ਨੂੰ ਯਕੀਨੀ ਬਣਾਉਣ ਲਈ ਪਰਿਵਰਤਨਸ਼ੀਲ ਉਪਾਅ ਪੇਸ਼ ਕਰ ਸਕਦਾ ਹੈ-ਜੋ ਵਰਤਮਾਨ ਸਮੇਂ ਕੁੱਲ ਖਪਤ ਦਾ 60 ਫੀਸਦੀ ਯੋਗਦਾਨ ਪਾਉਂਦਾ ਹੈ ਤੇ ਭਾਰਤ ਦੇ ਆਰਥਿਕ ਪੁਨਰ-ਉਥਾਨ ਨੂੰ ਉਤਸ਼ਾਹਿਤ ਕਰਦਾ ਹੈ।

### 1. ਖੇਤੀਬਾੜੀ ਬਜਟ ਤੇ ਖੋਜ ਨੂੰ ਵਧਾਓ

ਖੇਤੀਬਾੜੀ ਤੇ ਸਹਾਇਕ ਖੇਤਰਾਂ ਲਈ ਕੇਂਦਰੀ ਬਜਟ ਦੀ ਵੰਡ ਸਿਰਫ 3 ਫੀਸਦੀ ਬਣਦੀ ਹੈ, ਜਿਸ ਨੂੰ ਘੱਟੋ-ਘੱਟ 7.5 ਫੀਸਦੀ ਵਧਾਉਣ ਦੀ ਲੋੜ ਹੈ। ਇਸ ਸ਼੍ਰੇਣੀ 'ਚ ਅਣਵਰਤੇ ਫੰਡਾਂ ਨੂੰ ਫਸਲ ਸਟੋਰੇਜ ਤੇ ਪ੍ਰੋਸੈਸਿੰਗ ਲਈ ਖੋਜ, ਸਿੱਖਿਆ ਤੇ ਬੁਨਿਆਦੀ ਢਾਂਚੇ 'ਚ ਮਹੱਤਵਪੂਰਨ ਪਾੜੇ ਨੂੰ ਦੂਰ ਕਰਨ ਲਈ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਜਲਵਾਯੂ-ਅਨੁਕੂਲ ਫਸਲ ਦੀਆਂ ਕਿਸਮਾਂ ਤੇ ਟਿਕਾਊ ਖੇਤੀ ਤਕਨੀਕਾਂ ਵਿਕਸਤ ਕਰਨ ਲਈ ਖੇਤੀਬਾੜੀ ਖੋਜ ਸੰਸਥਾਵਾਂ 'ਚ ਨਿਵੇਸ਼ ਕਰਨ ਨਾਲ ਉਤਪਾਦਕਤਾ 'ਚ ਵਾਧਾ ਹੋ ਸਕਦਾ ਹੈ। ਖੇਤੀਬਾੜੀ ਨਵੀਨਤਾ 'ਚ ਜਨਤਕ-ਨਿੱਜੀ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ ਇਸ ਖੇਤਰ ਦੇ ਵਿਕਾਸ ਨੂੰ ਹੋਰ ਵੀ ਅੱਗੇ ਵਧਾ ਸਕਦਾ ਹੈ।

### 2. ਐਮ. ਐਸ. ਪੀ ਨੂੰ ਕਾਨੂੰਨੀ ਸਮਰਥਨ ਪ੍ਰਦਾਨ ਕਰੋ

ਕਾਨੂੰਨੀ ਗਾਰੰਟੀਆਂ ਦੇ ਨਾਲ ਐਮ ਐਸ ਪੀ ਦੀ ਲਗਾਤਾਰ ਮੰਗ ਖੇਤੀ ਸੈਕਟਰ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕਰਦੀ ਹੈ। ਐਮ ਐਸ ਸਵਾਮੀਨਾਥਨ ਕਮਿਸ਼ਨ ਦੀ ਐਮ ਐਸ ਪੀ ਲਈ ਸੀ 2 (ਉਤਪਾਦਨ ਦੀ ਵਿਆਪਕ ਲਾਗਤ) + 50 ਕੀਤੀ ਸਿਫਾਰਸ਼ ਨੂੰ ਕਾਨੂੰਨੀ ਤੌਰ 'ਤੇ ਲਾਗੂ ਕਰਕੇ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਨਿੱਜੀ ਖਰੀਦਦਾਰ ਕਿਸਾਨਾਂ ਦਾ ਸ਼ੋਸ਼ਣ ਨਾ ਕਰ ਸਕੇ। ਇਹ ਸੁਧਾਰ ਸਰਕਾਰ 'ਤੇ ਕੋਈ ਵੱਡਾ ਵਿੱਤੀ ਦਬਾਅ ਨਹੀਂ ਪਾਵੇਗਾ, ਪਰ ਕਿਸਾਨਾਂ ਨੂੰ ਪ੍ਰੇਸ਼ਾਨੀ ਵਾਲੀ ਫਸਲ ਵਿਕਰੀ ਤੋਂ ਬਚਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਐਮ ਐਸ ਪੀ ਨੂੰ ਲਾਗੂ ਕਰਨ ਲਈ ਮਜ਼ਬੂਤ ਨਿਗਰਾਨੀ ਤੰਤਰ ਬਣਾ ਕੇ ਇਸ ਦਾ ਵਿਸਤਾਰ ਹੋਰ ਫਸਲਾਂ ਤੱਕ ਕਰਨ ਨਾਲ ਕਿਸਾਨਾਂ ਦੀ ਆਮਦਨ 'ਚ ਸੁਧਾਰ ਹੋ ਸਕਦਾ ਹੈ। ਡਿਜੀਟਲ ਪਲੇਟਫਾਰਮ ਰਾਹੀਂ ਖਰੀਦ ਪ੍ਰਕਿਰਿਆਵਾਂ ਦੀ ਪਾਰਦਰਸ਼ਤਾ ਨੂੰ ਵਧਾਉਣ ਤੇ ਸਥਾਨਕ ਮਾਰਕੀਟ ਕਮੇਟੀਆਂ ਨਾਲ ਐਮ ਐਸ ਪੀ ਅਮਲ ਨੂੰ ਲਾਗੂ ਕਰਨਾ ਖਰੀਦ ਪ੍ਰਣਾਲੀ ਨੂੰ ਵਧੇਰੇ ਭਰੋਸੇਯੋਗ ਬਣਾ ਸਕਦਾ ਹੈ।

### 3. ਪ੍ਰਧਾਨ ਮੰਤਰੀ - ਕਿਸਾਨ ਸਹਾਇਤਾ ਵਧਾਓ

ਪੀ. ਐਮ. ਕਿਸਾਨ ਯੋਜਨਾ ਤਹਿਤ ਦੇਸ਼ ਦੇ ਲਗਭਗ 10 ਕਰੋੜ ਛੋਟੇ ਤੇ ਅਤਿ ਛੋਟੇ ਕਿਸਾਨਾਂ ਨੂੰ ਸਾਲਾਨਾਂ 6000 ਰੁਪਏ ਮਦਦ ਦਿੱਤੀ ਜਾਂਦੀ ਹੈ, ਇਸ ਯੋਜਨਾ ਦੇ 2018 'ਚ ਸ਼ੁਰੂ ਹੋਣ ਤੋਂ ਬਾਅਦ ਅਜੇ ਤੱਕ ਕੋਈ ਬਦਲਾਅ ਨਹੀਂ ਹੋਇਆ ਤੇ ਇਸ ਦਾ ਮਹਿੰਗਾਈ ਨਾਲ ਕੋਈ ਤਾਲਮੇਲ ਨਹੀਂ ਰੱਖਿਆ ਜਾ ਸਕਿਆ। ਹਾਲਾਂਕਿ ਪਿਛਲੇ 6 ਸਾਲਾਂ ਦੌਰਾਨ ਮਹਿੰਗਾਈ ਦਰ ਔਸਤ 6 ਫੀਸਦੀ ਰਹੀ ਹੈ। ਸਰਕਾਰ ਨੂੰ ਕਿਸਾਨਾਂ ਦੀਆਂ ਵਧਦੀਆਂ ਵਿੱਤੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਸ ਮਦਦ ਨੂੰ ਦੁੱਗਣਾ ਕਰਕੇ 12,000 ਰੁਪਏ ਸਾਲਾਨਾ ਕਰਨ 'ਤੇ ਵਿਚਾਰ ਕਰਨਾ ਚਾਹੀਦਾ ਹੈ। ਇਹ ਵਧੀ ਹੋਈ ਮਦਦ ਖਾਸ ਕਰਕੇ ਅਤਿ ਛੋਟੇ ਕਿਸਾਨਾਂ ਲਈ ਮਹੱਤਵਪੂਰਨ ਹੋ ਸਕਦੀ ਹੈ, ਜੋ ਬੀਜਾਂ, ਖਾਦਾਂ ਤੇ ਸਿੰਚਾਈ ਲਈ ਵਧਦੀਆਂ ਲਾਗਤਾਂ ਵਿਚਕਾਰ ਆਪਣੇ ਖਰਚਿਆਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਨ।

### 4. ਕਿਸਾਨ ਕ੍ਰੈਡਿਟ ਕਾਰਡ (ਕੇ ਸੀ ਸੀ) ਨੂੰ ਬਦਲੋ

ਕੇ ਸੀ ਸੀ ਸਕੀਮ 3 ਲੱਖ ਰੁਪਏ ਤੱਕ ਦੀ ਵਿਆਜ ਸਬਸਿਡੀ ਨਾਲ ਛੋਟੀ ਮਿਆਦ ਲਈ ਕਰਜ਼ੇ ਪ੍ਰਦਾਨ ਕਰਦੀ ਹੈ। ਹਾਲਾਂਕਿ ਅਤਿ ਜ਼ਰੂਰੀ ਤੇ ਥੋੜ੍ਹੇ ਸਮੇਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਕਿਸਾਨਾਂ ਨੂੰ ਆਪਣੇ ਨਿੱਜੀ ਸ਼ਾਹੂਕਾਰਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ। ਇਕ ਹੋਰ ਕਿਸਾਨ ਪੱਖੀ ਪਹੁੰਚ ਹੋ ਸਕਦੀ ਹੈ ਕਿ ਕੇ ਸੀ ਸੀ ਨੂੰ ਚੱਲ ਰਹੇ ਓਵਰਡਰਾਫਟ ਖਾਤਿਆਂ 'ਚ ਬਦਲ ਕੇ ਉਧਾਰ ਹੱਦ (ਕ੍ਰੈਡਿਟ ਲਿਮਟ) 10 ਲੱਖ ਰੁਪਏ ਕੀਤੀ ਜਾਵੇ ਤੇ ਇਸ ਲਈ ਵਿਆਜ ਦਰ ਨੂੰ 4 ਫੀਸਦੀ ਰੱਖਿਆ ਜਾਵੇ। ਕਰਜ਼ਿਆਂ 'ਤੇ ਵਰਤੋਂ ਪਾਬੰਦੀਆਂ ਹਟਾਉਣਾ ਕਿਸਾਨਾਂ ਨੂੰ ਲੰਬੇ ਸਮੇਂ ਲਈ ਖੇਤੀਬਾੜੀ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰੇਗੀ। ਇਸ ਤੋਂ ਇਲਾਵਾ ਕੇ ਸੀ ਸੀ ਅਰਜ਼ੀ ਪ੍ਰਕਿਰਿਆ ਨੂੰ ਸਰਲ ਜਾਗਰੂਕਤਾ ਵਧਾਉਣ ਨਾਲ ਕਰਜ਼ਿਆਂ ਤੱਕ ਪਹੁੰਚ ਨਾਲ ਸੁਧਾਰ ਹੋਵੇਗਾ ਇਸ ਯੋਜਨਾਂ ਦੇ ਵਿਸਥਾਰ ਲਈ ਠੇਕੇ 'ਤੇ ਜ਼ਮੀਨ ਲੈਣ ਵਾਲੇ ਕਿਸਾਨਾਂ, ਖੇਤੀ ਮਜ਼ਦੂਰਾਂ ਤੇ ਬਟਾਈਦਾਰਾਂ ਨੂੰ ਸ਼ਾਮਿਲ ਕਰਨ ਨਾਲ ਖੇਤੀਬਾੜੀ 'ਚ ਵਿੱਤੀ ਸ਼ਮੂਲੀਅਤ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

### 5. ਛੋਟੇ ਕਿਸਾਨਾਂ ਲਈ ਪੈਨਸ਼ਨ ਸਕੀਮ ਸ਼ੁਰੂ ਕਰੋ

ਭਾਰਤ ਦੇ ਕਿਸਾਨਾਂ ਕੋਲ ਮਜ਼ਬੂਤ ਸਮਾਜਿਕ ਸੁਰੱਖਿਆ ਛੱਤਰੀ ਦੀ ਘਾਟ ਹੈ। ਦੋ ਹੈਕਟੇਅਰ ਤੱਕ 60 ਸਾਲ ਤੋਂ ਵੱਧ ਉਮਰ ਦੇ ਛੋਟੇ ਤੇ ਅਤਿ ਛੋਟੇ ਕਿਸਾਨਾਂ ਲਈ ਪ੍ਰਤੀ ਮਹੀਨਾ 3000 ਰੁਪਏ ਦੀ ਗੈਰ-ਯੋਗਦਾਨ (ਨਾਨ-ਕੰਟਰੀਬਿਊਟਰੀ) ਪੈਨਸ਼ਨ ਬਹੁਤ ਜ਼ਰੂਰੀ ਵਿੱਤੀ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ। ਸੂਬਾ ਸਰਕਾਰਾਂ ਦੇ ਯੋਗਦਾਨ ਨਾਲ ਇਸ ਸਕੀਮ ਨੂੰ ਹੋਰ ਹੁਲਾਰ ਮਿਲ ਸਕਦਾ ਹੈ। ਅਜਿਹੀ ਪੈਨਸ਼ਨ ਪ੍ਰਣਾਲੀ ਨੂੰ ਲਾਗੂ ਕਰਨ ਨਾਲ ਬਜ਼ੁਰਗ ਕਿਸਾਨਾਂ ਦੀ ਗਰੀਬੀ ਦੂਰ ਹੋਵੇਗੀ ਅਤੇ ਉਨ੍ਹਾਂ ਦੀ ਪਰਿਵਾਰਕ ਸਹਾਇਤਾ 'ਤੇ ਨਿਰਭਰਤਾ ਘੱਟ ਸਕਦੀ ਹੈ।

### 6. ਪਸ਼ੂ ਪਾਲਣ ਤੇ ਡੇਅਰੀ ਖੇਤਰ ਨੂੰ ਮਜ਼ਬੂਤ ਕਰੋ

ਪਸ਼ੂ ਧਨ ਖੇਤੀਬਾੜੀ ਜੀ ਡੀ ਪੀ 'ਚ 25 ਫੀਸਦੀ ਤੋਂ ਵੱਧ ਯੋਗਦਾਨ ਪਾਉਂਦਾ ਹੈ, ਪਰ ਦੁੱਧ ਕੀਮਤਾਂ 'ਚ ਉਤਰਾਅ-ਚੜ੍ਹਾਅ ਅਤੇ ਪਾਬੰਦੀਸ਼ੁਦਾ ਪਸ਼ੂ ਪਾਲਣ ਵਪਾਰਕ ਨੀਤੀਆਂ ਤੋਂ ਪੀੜਤ ਹੈ। ਇਕ ਸਰਲ ਪਰ ਪ੍ਰਭਾਵਸ਼ਾਲੀ ਕਦਮ ਇਹ ਹੋਵੇਗਾ ਕਿ ਨਿੱਜੀ ਡੇਅਰੀਆਂ ਨੂੰ ਵੇਰਕਾ ਜਾਂ ਅਮੂਲ ਜਿਹੇ ਸਹਿਕਾਰੀ ਸੰਗਠਨਾਂ ਨੂੰ ਨਿਰਧਾਰਤ ਦੁੱਧ ਖਰੀਦ ਕੀਮਤਾਂ ਬਰਾਬਰ ਜਾਂ ਉਸ ਤੋਂ ਵੱਧ ਮੁੱਲ 'ਤੇ ਦੁੱਧ ਖਰੀਦਣ ਨੂੰ ਕਾਨੂੰਨੀ ਤੌਰ 'ਤੇ ਲਾਜ਼ਮੀ ਬਣਾਉਣਾ ਹੋਵੇਗਾ। ਇਸ ਤੋਂ ਇਲਾਵਾ ਮਿਡ-ਡੇਅ ਮੀਲ ਸਕੀਮ 'ਚ ਦੁੱਧ ਤੇ ਆਂਡੇ ਨੂੰ ਸ਼ਾਮਿਲ ਕਰਨ ਨਾਲ ਬੱਚਿਆਂ 'ਚ ਕੁਪੋਸ਼ਣ ਨਾਲ ਨਜਿੱਠਣ ਦੇ ਨਾਲ-ਨਾਲ ਖੇਤੀ ਆਮਦਨ 'ਚ ਵੀ ਸੁਧਾਰ ਹੋ ਸਕਦਾ ਹੈ। ਪਸ਼ੂ ਬੀਮਾ ਸਕੀਮਾਂ ਨੂੰ ਉਤਸ਼ਾਹਿਤ ਕਰਨ ਤੇ ਵੈਟਰਨਰੀ ਸੇਵਾਵਾਂ ਲਈ ਬਜਟ ਵੰਡ ਵਧਾਉਣ ਪਸ਼ੂ ਉਤਪਾਦਕਤਾ ਨੂੰ ਵਧਾ ਸਕਦਾ ਹੈ। ਨਕਲੀ ਗਰਭਧਾਰਨ ਤੇ ਜੈਨੇਟਿਕ ਸੁਧਾਰ ਜਿਹੀਆਂ ਆਧੁਨਿਕ ਤਕਨੀਕਾਂ ਅਪਣਾਉਣ ਨੂੰ ਉਤਸ਼ਾਹਿਤ ਕਰਨਾ ਪੇਂਡੂ ਉਪਜੀਵਿਕਾ ਦੇ ਖੇਤਰ 'ਚ ਯੋਗਦਾਨ ਨੂੰ ਹੋਰ ਵਧਾ ਸਕਦਾ ਹੈ।

### 7. ਖਾਦ ਸਬਸਿਡੀ ਨੀਤੀ 'ਚ ਸੁਧਾਰ

ਮੌਜੂਦਾ ਪ੍ਰਣਾਲੀ ਖਾਦ ਸਬਸਿਡੀਆਂ ਨੂੰ ਕਿਸਾਨ ਨੂੰ ਦਿੱਤੇ ਜਾ ਰਹੇ ਲਾਭ ਦੇ ਰੂਪ 'ਚ ਮੰਨਦੀ ਹੈ, ਹਾਲਾਂਕਿ ਐਮ ਐਸ ਪੀ ਦੀ ਗਣਨਾ ਕਰਨ ਸਮੇਂ ਸਬਸਿਡੀ ਵਾਲੀ ਰਕਮ ਨੂੰ ਘਟਾ ਦਿੱਤਾ ਜਾਂਦਾ ਹੈ। ਇਹ ਅਭਿਆਸ ਕਿਸਾਨਾਂ ਦੇ ਅਸਲ ਮਿਹਨਤਾਨੇ ਨੂੰ ਘਟਾਉਂਦਾ ਹੈ। ਐਮ ਐਸ ਪੀ ਗਣਨਾਵਾਂ ਨੂੰ ਇਸ ਦੀ ਬਜਾਏ ਇਨਪੁਟਸ ਦੀ ਬਾਜ਼ਾਰ ਕੀਮਤ 'ਤੇ ਰੱਖ ਕੇ ਵਿਚਾਰ ਕਰਨਾ ਚਾਹੀਦਾ ਹੈ, ਤਾਂ ਜੋ ਕਿਸਾਨਾਂ ਲਈ ਉਚਿਤ ਰਿਟਰਨ ਯਕੀਨੀ ਹੋ ਸਕੇ। ਸਰਕਾਰ ਜੈਵਿਕ ਖੇਤੀ ਦੇ ਤਰੀਕਿਆਂ ਨੂੰ ਉਤਸ਼ਾਹਿਤ ਕਰਕੇ ਜੈਵਿਕ-ਖਾਦਾਂ ਲਈ ਸਬਸਿਡੀ ਦੇ ਕੇ ਸੰਤੁਲਿਤ ਖਾਦ ਦੀ ਵਰਤੋਂ ਨੂੰ ਉਤਸ਼ਾਹਿਤ ਕਰ ਸਕਦੀ ਹੈ। ਖਾਦ ਸਬਸਿਡੀਆਂ ਲਈ ਸਿੱਧੀ ਲਾਭ ਟਰਾਂਸਫਰ ਪ੍ਰਣਾਲੀ ਲੀਕੇਜ ਨੂੰ ਘਟਾ ਕੇ ਇਸ ਦੇ ਲਾਭ ਅਸਲ ਲਾਭਪਾਤਰੀਆਂ ਤੱਕ ਪਹੁੰਚਣ ਨੂੰ ਯਕੀਨੀ ਬਣਾਏਗੀ।

### 8. ਫਸਲ ਬੀਜਾ ਨੂੰ ਸਰਲ ਬਣਾਓ

ਪੀ ਐਮ ਫਸਲ ਬੀਮਾ ਯੋਜਨਾ ਦੇ ਤਹਿਤ ਕਿਸਾਨਾਂ ਨੂੰ ਮੁਆਵਜ਼ਾ ਪ੍ਰਾਪਤ ਕਰਨ ਲਈ ਗੁੰਝਲਦਾਰ ਪ੍ਰਕਿਰਿਆਵਾਂ 'ਚੋਂ ਲੰਘਣਾ ਪੈਂਦਾ ਹੈ। ਸਰਕਾਰ ਨੂੰ ਸ਼ੁਰੂ 'ਚ ਇਸ ਦਾ ਪੂਰਾ ਪ੍ਰੀਮੀਅਮ ਜਿਸ 'ਚ ਰਾਜ ਦਾ ਹਿੱਸਾ ਵੀ ਸ਼ਾਮਿਲ ਹੈ, ਖੁਦ ਚੁੱਕਣਾ ਚਾਹੀਦਾ ਹੈ ਅਤੇ ਦਾਅਵੇ (ਕਲੇਮ) ਦੀ ਪ੍ਰਕਿਰਿਆ ਵੀ ਸਰਲ ਬਣਾਉਣੀ ਚਾਹੀਦੀ ਹੈ। ਇਸ ਨਾਲ ਕਿਸਾਨਾਂ 'ਤੇ ਪ੍ਰਸ਼ਾਸਕੀ ਬੋਝ ਘਟੇਗਾ ਤੇ ਫਸਲਾਂ ਦੇ ਨੁਕਸਾਨ ਲਈ ਸਮੇਂ ਸਿਰ ਮੁਆਵਜ਼ੇ ਨੂੰ ਯਕੀਨੀ ਬਣਾਇਆ ਜਾ ਸਕੇਗਾ। ਸੈਟੇਲਾਈਟ ਇਮੇਜਰੀ ਤੇ ਏ.ਆਈ.-ਸੰਚਾਲਿਤ ਜੋਖਮ ਮੁਲਾਂਕਣ ਮਾਡਲ ਜਿਹੀਆਂ ਤਕਨੀਕਾਂ ਦੀ ਵਰਤੋਂ ਤਸਦੀਕ ਪ੍ਰਕਿਰਿਆ ਨੂੰ ਸੁਚਾਰੂ ਬਣਾ ਕੇ ਵਿਵਾਦਾਂ ਨੂੰ ਘੱਟ ਕਰ ਸਕਦੀ ਹੈ। ਵਾਢੀ ਤੋਂ ਬਾਅਦ ਦੇ ਨੁਕਸਾਨ ਵਿਚ ਕੁਦਰਤੀ ਆਫਤਾਂ ਨੂੰ ਸ਼ਾਮਿਲ ਕਰਨ ਲਈ ਇਸ ਬੀਮਾ ਕਵਰੇਜ ਦਾ ਵਿਸਤਾਰ ਕਰਕੇ ਯੋਜਨਾ ਨੂੰ ਵਧੇਰੇ ਵਿਆਪਕ ਤੇ ਕਿਸਾਨ ਅਨੁਕੂਲ ਬਣਾਇਆ ਜਾ ਸਕਦਾ ਹੈ।

### 9. ਮਹਿੰਗਾਈ ਕੰਟਰੋਲ ਨੀਤੀਆਂ ਦਾ ਮੁੜ ਮੁਲਾਂਕਣ ਕਰੋ

ਨਿਰਯਾਤ ਪਾਬੰਦੀਆਂ, ਖੇਤੀ ਉਪਜ ਭੰਡਾਰ (ਸਟਾਕ) ਤੇ ਭਾਰਤੀ ਖੁਰਾਕ ਕਾਰਪੋਰੇਸ਼ਨ (ਐਫ ਸੀ ਆਈ) ਦੁਆਰਾ ਮੰਡੀ ਤੋਂ ਘੱਟ ਕੀਮਤ 'ਤੇ ਅਨਾਜ ਡੰਪ ਕਰਨ ਜਿਹੀਆਂ ਨੀਤੀਆਂ ਕਿਸਾਨਾਂ ਦੇ ਮੁਨਾਫੇ ਨੂੰ ਘੱਟ ਕਰਦੀਆਂ ਹਨ। ਕਿਸਾਨਾਂ ਦੇ ਉਚਿਤ ਮੁਨਾਫੇ (ਰਿਟਰਨ) ਵਾਸਤੇ ਮਹਿੰਗਾਈ ਕੰਟਰੋਲ ਨੂੰ ਸੰਤੁਲਿਤ ਕਰਨ ਲਈ ਇਨ੍ਹਾਂ ਦਖਲਅੰਦਾਜ਼ੀਆਂ ਬਾਰੇ ਮੁੜ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਵਾਢੀ ਤੋਂ ਬਾਅਦ ਵਾਧੂ ਉਪਜ ਦੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਤੇ ਬਿਹਤਰ ਭੰਡਾਰਨ ਸੰਬੰਧੀ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਣਾ ਨੁਕਸਾਨ ਨੂੰ ਘਟਾ ਸਕਦਾ ਹੈ। ਅਸਲ ਸਮੇਂ ਦੇ ਬਾਜ਼ਾਰ ਅੰਕੜਿਆਂ ਦੁਆਰਾ ਸੰਚਾਲਿਤ ਇਕ ਵਿਕੇਂਦਰੀਕ੍ਰਿਤ ਖੇਤੀਬਾੜੀ ਕੀਮਤ ਪ੍ਰਣਾਲੀ ਵਿਕਸਤ ਕਰਨਾ ਘਰੇਲੂ ਨੀਤੀਆਂ ਨੂੰ ਵਿਸ਼ਵਵਿਆਪੀ ਮੰਗ ਰੁਝਾਨਾਂ ਨਾਲ ਜੋੜ ਸਕਦਾ ਹੈ।



**ਨਿਰਪੱਖਤਾ ਤੇ ਵਿਕਾਸ ਲਈ ਇਕ ਦ੍ਰਿਸ਼ਟੀਕੋਣ** : ਭਾਰਤ ਦਾ ਖੇਤੀਬਾੜੀ ਖੇਤਰ ਲੰਬੇ ਸਮੇਂ ਤੋਂ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਰਿਹਾ ਹੈ, ਫਿਰ ਵੀ ਕਿਸਾਨਾਂ ਨੂੰ ਪ੍ਰਣਾਲੀਗਤ ਅਣਗਹਿਲੀ ਤੇ ਆਰਥਿਕ ਅਸਮਾਨਤਾ ਦਾ ਸਾਹਮਣਾ ਕਰਨਾ ਪਿਆ ਹੈ। ਪਿਛਲੇ ਇਕ ਦਹਾਕੇ ਦੌਰਾਨ ਸਰਕਾਰ ਨੇ ਵੱਡੇ ਕਾਰਪੋਰੇਟਾਂ ਦੇ 16 ਲੱਖ ਕਰੋੜ ਰੁਪਏ ਦੇ ਕਰਜ਼ੇ ਮਾਫ ਕੀਤੇ ਹਨ, ਜਦਕਿ ਛੋਟੇ ਤੇ ਅਤਿ ਛੋਟੇ ਕਿਸਾਨਾਂ ਨੂੰ ਵਧਦੇ ਕਰਜ਼ਿਆਂ ਸੰਬੰਧੀ ਅਜਿਹੀਆਂ ਨੀਤੀਆਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ, ਕਿਉਂਕਿ ਸਰਕਾਰ ਉਨ੍ਹਾਂ ਦੀ ਉਪਰ ਰਹੀ ਹੈ। ਹੁਣ 2025 ਦਾ ਬਜਟ ਇਨ੍ਹਾਂ ਅਸੰਤੁਲਨਾਂ ਨੂੰ ਠੀਕ ਕਰਨ ਦਾ ਇਕ ਮੌਕਾ ਪ੍ਰਦਾਨ ਕਰ ਰਿਹਾ ਹੈ। ਇਨ੍ਹਾਂ ਨਾਜ਼ੁਕ ਮੁੱਦਿਆਂ ਨੂੰ ਹੱਲ ਕਰਕੇ ਸਰਕਾਰ ਕਿਸਾਨਾਂ ਦੇ ਜੀਵਨ ਨੂੰ ਬਿਹਤਰ ਬਣਾ ਸਕਦੀ ਹੈ, ਪੇਂਡੂ ਮੰਗ ਨੂੰ ਉਤਸ਼ਾਹਿਤ ਕਰਦਿਆਂ ਜੀ ਡੀ ਪੀ ਵਿਕਾਸ ਨੂੰ ਉਤਸ਼ਾਹਿਤ ਕਰਕੇ ਇਕ ਹੋਰ ਬਰਾਬਰੀ ਵਾਲੇ ਤੇ ਟਿਕਾਊ ਖੇਤੀਬਾੜੀ ਭਵਿੱਖ ਦੀ ਨੀਂਹ ਰੱਖ ਸਕਦੀ ਹੈ। ਇਹ ਉਨ੍ਹਾਂ ਕਿਸਾਨਾਂ ਦਾ ਸਨਮਾਨ ਕਰਨ ਦਾ ਸਮਾਂ ਹੈ, ਜਿਸ ਦੇ ਉਹ ਹੱਕਦਾਰ ਹਨ। ਇਹ ਕਿਸਾਨ ਹੀ ਹਨ ਜੋ ਆਪਣੀ ਮਿਹਨਤ ਨਾਲ ਦੇਸ਼ ਦਾ ਢਿੱਡ ਭਰਦੇ ਹਨ।

# ਕੀ ਪੰਜਾਬ ਦੇ ਖੇਤੀਬਾੜੀ (ਕਿੱਤਾ ਮੁੱਖੀ/ਸਿਖਲਾਈ ਸਿੱਖਿਆ) ਵਿਸ਼ੇ ਦੇ ਅਧਿਆਪਕ ਪਿੰਡਾਂ 'ਚ ਸਵੈ-ਰੋਜ਼ਗਾਰ ਪ੍ਰਬੰਧ ਤੇ ਸਕੂਲਾਂ ਤੋਂ ਵਿਦੇਸ਼ਾਂ ਨੂੰ ਭੱਜਦੀ ਪੀੜ੍ਹੀ ਨੂੰ ਠੱਲ੍ਹ ਪਾ ਸਕਦੇ ਹਨ?

ਦੋਸਤੋ ਅੱਜ ਪੰਜਾਬ ਦੇ ਸਕੂਲਾਂ ਦੇ ਬੱਚਿਆਂ ਅਤੇ ਸਮਾਜ ਦੇ ਹਾਲਤਾਂ ਮੁਤਾਬਿਕ ਸਕੂਲਾਂ ਦੀ ਸਿੱਖਿਆ 'ਚ ਥੋੜ੍ਹੇ ਬਦਲਾਅ ਲਿਆਉਣ ਬਾਰੇ ਚਰਚਾ ਸਮਾਜਿਕ ਬਦਲਾਅ ਮਹਿਸੂਸ ਹੁੰਦੇ ਦੇਖ ਕੇ ਜ਼ਰੂਰ ਅਜਿਹੀ ਵਾਰਤਾ ਬਾਰੇ ਕਰਦੇ ਹਾਂ। ਜਿਵੇਂ ਕਿ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਨੇ ਕਿਹਾ ਸੀ ਕਿ ਕੁਦਰਤਿ ਨੂੰ ਫੜਿਆ ਜਾਂ ਸਾਂਭਿਆ ਨਹੀਂ ਜਾ ਸਕਦਾ, ਕਿਉਕਿ ਕੁਦਰਤ ਜਾਂ ਤਾਂ ਵੱਧ ਪਸਾਰੇ ਵਿਚ, ਨਾ ਕੁਦਰਤ ਰੋਕੀ ਜਾ ਸਕਦਾ ਹੈ ਨਾ ਖਤਮ ਹੋ ਸਕਦੀ ਹੈ। ਮਨੁੱਖ ਵੀ ਕੁਦਰਤੀ ਜੀਵ ਹੈ ਇਸ ਦੇ ਸਮੇਂ ਸਮੇਂ ਨਾਲ ਇਸ ਦੇ ਕਾਰਜ਼ਾਂ ਵਿਚ ਤਬਦੀਲੀ ਆਉਣੀ ਵੀ ਸੁਭਾਵਿਕ ਹੈ, ਉਹਨਾਂ 'ਚ ਸੁਧਾਰ ਕਰਨੇ, ਵਿਚਾਰ ਵਟਾਂਦਰੇ ਨਾਲ ਨਵੇਂ ਰਾਹ ਖੋੜੇ ਤਲਾਸ਼ਣੇ, ਬਣ ਰਹੇ ਹਾਲਾਤਾਂ ਦੀ ਦਿਸ਼ਾਵਾਂ ਨੂੰ ਸੋਧ ਨਾਲ ਬਦਲਣੇ, ਉਸਦੇ ਮਾਨਸਿਕ ਤੌਰ ਤੇ ਅਤੇ ਬਿਨਾਂ ਕਿਸੇ ਸਰੀਰਕ ਤੌਰ ਤੇ, ਸਮਾਜਿਕ ਤੌਰ ਤੇ ਨੁਕਸਾਨ ਪਹੁੰਚਾਏ ਬਿਨਾਂ ਹੱਲ ਕਰਨ ਲਈ ਜ਼ਿੰਮੇਵਾਰ ਆਪਾਂ ਵੀ ਤੇ ਸਮੇਂ ਦੀ ਸਰਕਾਰਾਂ ਨੇ ਵੀ ਸਭ ਨੇ ਬਣਨਾ ਹੈ। ਗੱਲ ਕੇਵਲ ਸਮੇਂ ਤੇ ਹਾਲਾਤਾਂ ਦੀ ਨਬਜ਼ ਫੜਨ ਦੀ ਹੈ। ਏਸ ਕੁਦਰਤੀ ਚੱਲਦੇ ਵਰਤਾਰੇ ਨੂੰ ਠੱਲ੍ਹ ਤੇ ਤਬਦੀਲੀ ਲਿਆਉਣ ਲਈ ਸਾਨੂੰ ਹੀ ਵਿਦੇਸ਼ ਦੀ ਭੱਜ ਦੌੜ ਤੇ ਬੇਰੁਜ਼ਗਾਰੀ ਕਰਕੇ ਨਸ਼ੇ 'ਚ ਗ੍ਰਸਤੀ ਤੋਂ ਲਾਂਭੇ ਕਰਨ ਦੀ ਪੀੜ੍ਹੀ ਨੂੰ ਬਣੇ ਹਾਲਾਤਾਂ 'ਚ ਸੋਧਣ ਦੀ ਪਹਿਲਕਦਮੀ ਕਰਨੀ ਪਵੇਗੀ। ਖੇਤੀਬਾੜੀ ਵਿਸ਼ੇ 'ਚ ਕਿੱਤਾ ਮੁੱਖੀ ਸਿੱਖਿਆ /ਸਹਾਇਕ ਧੰਦਿਆਂ ਵੱਲ ਛੋਟੇ ਪੱਧਰ ਤੇ ਸੇਧ ਦੇਣ ਲਈ ਸਿੱਖਿਆਵਾਂ ਪੰਜਾਬ ਦੇ ਹਰੇਕ ਸਕੂਲ ਪੱਧਰ ਤੇ ਦੇਣੀਆਂ ਤੇ ਵਧਾਉਣੀਆਂ ਅੱਜ ਦੇ ਸਮੇਂ ਲਈ ਬੇਹੱਦ ਜ਼ਰੂਰੀ ਹਨ। ਕਿਉਕਿ ਵਿਦੇਸ਼ਾਂ ਨੂੰ ਭੇਜਣ ਵਾਲੀ ਬੇਰੁਜ਼ਗਾਰੀ ਵਾਲੀ ਸੋਚ ਮਾਪਿਆਂ ਤੇ ਬੱਚਿਆਂ ਵਿਚ ਅੱਠਵੀਂ ਜਮਾਤ ਤੋਂ ਜਾਂ ਇਸ ਤੋਂ ਵੀ ਛੋਟੀਆਂ ਜਮਾਤਾਂ 'ਚ ਹੀ, ਇਹ ਗੱਲਬਾਤ ਆਮ ਘਰਾਂ ਤੇ ਸਮਾਜ 'ਚ ਚਲੰਤ ਮੁੱਦਿਆਂ ਵਾਂਗੂੰ ਆਮ ਚੱਲਣੀ ਸ਼ੁਰੂ ਹਨ। ਸਮਾਜ 'ਚ ਵਿਚਰਦਿਆਂ, ਗੱਲ ਕਰਦਿਆਂ, ਸੱਥਾਂ 'ਚ ਬੈਠਿਆਂ ਬਲਕਿ ਸਭ ਪਾਸੇ ਕਿ ਬੱਚੇ ਨੂੰ ਬਾਹਰ ਹੀ ਭੇਜਣਾ ਹੈ ਕਿਉਕਿ ਏਥੇ ਪੰਜਾਬ 'ਚ ਕੰਮ ਨਹੀਂ ਜਾਂ ਵਧੇਰੇ ਨਸ਼ਿਆਂ ਕਰਕੇ। ਕਹਿੰਦੇ ਦੇਸ਼ ਦੇਖਦੇ ਹਾਂ ਕਿ ਕਿਹੜੇ ਜਾਂਦਾ ਜਿੱਥੇ ਖਰਚ ਘੱਟ ਲੱਗੇ। ਏਥੇ ਇਹ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਪੰਜਾਬ ਦਾ ਇਕ ਸਕੂਲ ਸਿੱਖਿਆ ਪ੍ਰਣਾਲੀ ਵਿਚ ਖੇਤੀਬਾੜੀ ਵਿਸ਼ਾ ਹੀ ਅਜਿਹਾ ਹੈ ਜੋ ਉਚੇਰੀ ਸਿੱਖਿਆ ਪ੍ਰਾਪਤ ਕੀਤੇ ਤੋਂ ਬਗੈਰ ਵੀ ਕੋਈ ਆਪਣੇ ਪਿੰਡ ਪੱਧਰ ਤੇ ਆਪ ਰੋਜ਼ਗਾਰ ਸ਼ੁਰੂ ਕਰ ਸਕਦੇ ਹਾਂ।

ਲੇਖ ਲਿਖਣ ਸਮੇਂ ਗੁਰਦਾਸਪੁਰ ਦੇ ਇੱਕ ਖੇਤੀ ਵਿਸ਼ੇ ਦੇ ਅਧਿਆਪਕ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਖੇਤੀ ਵਿਸ਼ੇ ਦੇ ਅਧਿਆਪਕਾਂ ਦੀ ਗਿਣਤੀ ਕੇਵਲ 10 ਤੋਂ 15 ਦੇ ਕਰੀਬ ਹਨ। ਉਹ ਵੀ ਕੇਵਲ ਸੀਨੀਅਰ ਸੈਕੰਡਰੀ ਸਕੂਲ ਤੇ ਹਾਈ ਸਕੂਲਾਂ ਵਿਚ। ਉਹਨਾਂ ਕਿਹਾ ਕਿ ਪੰਜਾਬ ਦੇ ਪਿੰਡਾਂ 'ਚ ਅੱਜ ਵੀ ਅੱਠਵੀਂ ਜਮਾਤ ਤੋਂ ਲੈ ਕੇ ਕਿਸੇ ਕਾਰਨ ਵੱਸ ਬੱਚੇ ਸਕੂਲਾਂ 'ਚੋਂ ਹੱਟ ਜਾਂਦੇ ਹਨ ਤੇ ਕੁੱਝ ਦੱਸਵੀਂ ਤੇ ਕੁੱਝ ਅਖੀਰ ਬਾਰਵੀਂ ਜਮਾਤ ਪਾਸ ਕਰਕੇ। ਜਿੱਥੇ ਰੋਜ਼ਗਾਰ ਪ੍ਰਬੰਧ ਪਿੰਡਾਂ 'ਚ ਛੋਟੇ ਪੱਧਰ ਤੇ ਪੈਦਾ ਕਰਨੇ ਇਕ ਵੱਡਾ ਚੈਲੇਂਜ ਜ਼ਰੂਰ ਹਨ ਜੇਕਰ ਡੂੰਘਾ ਸੋਚਿਆ ਜਾਵੇ ਤਾਂ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਏਥੇ ਜੇਕਰ ਉਹਨਾਂ ਨੂੰ ਰੋਜ਼ਗਾਰ ਪਿੰਡ ਪੱਧਰ ਤੇ ਤਰਾਸ਼ ਕਰਨ ਵਾਲੇ ਕਿੱਤਾ ਮੁੱਖੀ ਸਿੱਖਿਆ/ਸਿਖਲਾਈ ਸਿੱਖਿਆ ਨੂੰ ਵਧੇਰੇ ਦੇਣੀ ਲਾਜ਼ਮੀ ਹੋ ਜਾਵੇ ਤਾਂ ਕਿੰਨਾ ਰੋਜ਼ਗਾਰ ਪ੍ਰਬੰਧ ਛੋਟੇ ਪੱਧਰ ਤੇ ਖੇਤੀ ਅਧਿਆਪਕਾਂ ਤੋਂ ਸੇਧ ਲੈ ਕੇ ਪਿੰਡ 'ਚ ਹੀ ਆਪਣੇ ਪੱਧਰ ਸ਼ੁਰੂ ਕਰਨ ਬਾਰੇ ਸੋਧ ਵਿਚਾਰ ਸਕਦੇ ਹਨ ਉਹ ਭਾਵੇਂ ਜ਼ਮੀਨ ਵਾਲੇ ਹੋਣ ਜਾਂ ਬੇਜ਼ਮੀਨੇ ਹੋਣ ਕਿੱਤਾ ਮੁੱਖੀ ਸਿੱਖਿਆ ਵਿਚ ਸਭ ਪ੍ਰਬੰਧ ਹਨ। ਜਿਸ ਦਾ ਫਾਇਦਾ ਬੱਚਿਆਂ ਦੀ ਵਿਦੇਸ਼ੀ ਦੌੜ ਨੂੰ ਠੱਲ੍ਹ ਪਾ ਸਕਦੇ ਹਾਂ ਤੇ ਬੇਰੁਜ਼ਗਾਰੀ ਦੇ ਆਲਮ ਵਿਚ ਚੱਲਦੇ ਨੌਜਵਾਨਾਂ ਨੂੰ ਬਹੁਤ ਹੱਦ ਤੱਕ ਨਸ਼ੇ ਵੱਲ ਮੁੜਨ ਤੋਂ ਰੋਕ ਵੀ ਸਕਦੇ ਹਾਂ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਹਰੇਕ ਮਿਡਲ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਖੇਤੀ ਪ੍ਰਧਾਨ ਸੂਬੇ ਨੂੰ ਦੇਖਦਿਆਂ ਖੇਤੀਬਾੜੀ ਅਧਿਆਪਕਾਂ ਦੀਆਂ ਪੋਸਟਾਂ ਵਧੇਰੇ ਵਧਾਈਆਂ ਜਾਣ ਅਤੇ ਭਰੀਆਂ ਵੀ ਜਾਣ। ਜਿਸ ਵਿਚ ਬੀ. ਐਸ. ਸੀ./ਐਮ. ਐੱਸ. ਸੀ ਪਾਸ ਕੀਤੇ ਖੇਤੀਬਾੜੀ ਵਿਦਿਆਰਥੀਆਂ ਨੂੰ ਤਰਜੀਹ ਦੇਣ। ਜਿੱਥੇ ਪਿੰਡ ਪੱਧਰੀ ਸੁਧਾਰ ਵੀ ਆਉਣਾ ਸੁਭਾਵਿਕ ਹੈ ਤੇ ਪੀੜ੍ਹੀ ਦਰ ਪੀੜ੍ਹੀ ਨੂੰ ਸੇਧ ਵੀ ਕਿੱਤੇ ਲਈ ਮਿਲੂ। ਅਕਸਰ ਦੇਖਣ ਚ ਆਉਂਦਾ ਹੈ ਕਿ ਸਰਕਾਰੀ ਅਦਾਰਿਆਂ 'ਚ ਜ਼ਿਆਦਾਤਰ ਵਿਭਾਗਾਂ ਦੀਆਂ ਆਪੋ ਆਪਣੇ ਵਿੰਗਾਂ ਕੇਡਰਾਂ ਦੀ ਬਣੀਆਂ ਯੂਨੀਅਨਾਂ ਕਮੇਟੀ ਆਪ ਕੈਬਨਿਟ ਲੀਡਰਾਂ ਕੋਲ ਮੁੱਦੇ ਲਿਆ ਕੇ ਹੱਲ ਕਰਵਾ ਲੈਂਦੇ ਹਨ ਤੇ ਬਹੁਤ ਸਾਰੇ ਲੋਕ ਜ਼ਮੀਨੀ ਬਦਲਾਅ ਵਾਲੇ ਮੁੱਦੇ ਉਸ ਵਿਸ਼ੇਸ਼ ਵਿਭਾਗਾਂ ਦੇ ਨਾਲ ਨਾ ਬਣੀਆਂ ਸਮਾਜਿਕ ਸੋਧਾਂ ਲਈ ਬੁੱਧੀਜੀਵੀਆਂ ਤੇ ਐਕਸਪਰਟਾਂ ਦੀਆਂ ਗਠਤਾਂ ਕਮੇਟੀਆਂ ਕਰਕੇ ਰਹਿ ਜਾਂਦੇ ਹਨ। ਜਿਸ ਦਾ ਸਮਾਜ ਵਿਚ ਕਿਤੇ ਨਾ ਕਿਤੇ ਨੁਕਸਾਨ ਦਾ ਖਮਿਆਜ਼ਾ ਚਲੰਤ ਮਸਲੇ ਕਰਕੇ ਲੋਕਾਈ ਨੂੰ ਚੁਕਾਉਣਾ ਪੈਂਦਾ ਹੈ। ਉਹ ਭਾਵੇਂ ਸਿੱਧੇ ਤੌਰ ਤੇ ਹੋਵੇ ਜਾਂ ਅਸਿੱਧੇ ਤੌਰ ਤੇ ਪੈਣਾ ਹੋਵੇਗਾ।

ਏਥੇ ਥੋੜ੍ਹੀ ਚਰਚਾ ਦੀ ਤਰਕੀਬ ਤੇ ਤਰਤੀਬ ਬਾਰੇ ਗੱਲ ਵਿਦੇਸ਼ੀ ਸਿੱਖਿਆ ਪ੍ਰਣਾਲੀ ਦੀ ਦਸ਼ਾ ਤੋਂ ਕਰੀਏ ਤਾਂ ਇੰਗਲੈਂਡ ਵਿਚ ਛੋਟੇ ਤੋਂ ਵੱਡੇ ਬੱਚਿਆਂ ਤੱਕ ਸਭ ਪ੍ਰੋਜੈਕਟਰਾਂ ਤੇ ਪੜ੍ਹਾਈ ਹੁੰਦੀ ਹੈ, ਹਾਲਾਂਕਿ ਛੋਟੇ ਬੱਚਿਆਂ ਦੀ ਪੜ੍ਹਾਈ ਬਰਮਿੰਘਮ ਸਿਟੀ 'ਚ ਹਰ ਸਾਲ ਅਗਲੀ ਜਮਾਤ ਲਈ ਟੈਸਟ ਪਾਸ ਕਰਕੇ ਪੜ੍ਹਾਈ ਹੁੰਦੀ ਹੈ, ਉਹ ਬੱਚੇ ਦੇ ਮੋਢੇ ਤੇ ਪਿਆ ਉਸ ਦੇ ਆਪਣੇ ਭਾਰ ਨਾਲੋਂ ਵਧੇਰੇ ਪਿੱਠ ਤੇ ਪਿੱਛੇ ਨੂੰ ਲਿੱਫਿਆ ਉਸਦਾ ਸਕੂਲ ਬਸਤਾ ਦੱਸ ਦਿੰਦਾ ਹੈ ਜੋ ਉਸ ਨੂੰ ਚੁੱਕਣ ਲਈ ਸਾਹੋ ਸਾਹੀ ਕਰਦਾ ਹੈ। ਜੋ ਅੱਜ ਸਾਨੂੰ ਕਿਸੇ ਸੋਧ ਕਰਨ ਬਾਰੇ ਕਹਿੰਦਾ ਜ਼ਰੂਰ ਹੈ।

ਪੰਜਾਬ ਇਕ ਖੇਤੀ ਪ੍ਰਧਾਨ ਸੂਬੇ ਚ ਸਕੂਲੀ ਸਿੱਖਿਆ 'ਚ ਕਿੱਤਾ ਮੁੱਖੀ ਸਿੱਖਿਆ ਸਿਖਲਾਈ ਢਾਂਚਾ ਵੱਡੇ ਪੱਧਰ ਦੇ ਸਕੂਲਾਂ ਦੇ ਸਿੱਖਿਆਰਥੀ ਵਿੱਚ ਲਿਆਉਣ ਦੀ ਅੱਜ ਅਹਿਮ ਲੋੜ ਹੈ। ਜਿਸ ਤਰ੍ਹਾਂ ਪੰਜਾਬ ਵਿਚ ਖੇਤੀ ਸੰਸਥਾਵਾਂ ਵੱਲੋਂ ਪੱਧਰ ਤੇ ਪਿੰਡਾਂ ਦੇ ਕਿਸਾਨਾਂ ਨੂੰ ਪਿੰਡਾਂ ਵਿਚ ਜਾ ਕੇ ਸਿੱਖਿਅਤ ਸਿੱਖਲਾਈ ਕਿੱਤਾ ਮੁੱਖੀ ਸਿੱਖਿਆ ਕੈਂਪ ਦੁਆਰਾ ਉਹਨਾਂ ਨੂੰ ਸਹਾਇਕ ਧੰਦਿਆਂ ਤੇ ਪ੍ਰੋਸੈਸਿੰਗ, ਖੇਤੀ ਵਿਭਿੰਨਤਾ ਵੱਲ ਮੋੜਦੇ ਹਨ। ਕੁੱਝ ਕੁ ਜਾਗਰੂਕ ਕਿਸਾਨਾਂ ਨੂੰ ਖੇਤੀ ਸੰਸਥਾਵਾਂ ਵਿਚ ਭੇਜ ਕੇ ਬਕਾਇਦਾ ਸੰਬੰਧਿਤ ਕਿੱਤਾ ਸ਼ੁਰੂ ਕਰਨ ਲਈ ਪੰਜਾਬ ਦੇ ਵੱਖ-ਵੱਖ ਟਰੇਨਿੰਗ ਸੰਸਥਾਵਾਂ 'ਚ ਪਹਿਲਾਂ ਉਹਨਾਂ ਨੂੰ ਉੱਥੇ ਲਿਜਾ ਕੇ ਵਿਜ਼ਿਟ ਪ੍ਰੋਗਰਾਮਾਂ ਦੁਆਰਾ ਦਿਖਾ ਕੇ ਮਨੋਬਲ ਸੁਧਾਰਿਆ ਜਾਂਦਾ ਹੈ, ਫਿਰ ਸਿੱਖਿਆ ਪ੍ਰਣਾਲੀ ਦੁਆਰਾ ਤਕਨੀਕੀ ਤੌਰ ਤੇ ਉਸ ਨਿਪੁੰਨ ਕਰਕੇ ਸਿਖਾਇਆ ਜਾਂਦਾ ਹੈ। ਜਿਸ ਨਾਲ ਉਸ ਕਿਸਾਨ ਆਪਣੇ ਪੱਧਰ ਤੇ ਖੇਤੀ ਨੂੰ ਲਾਹੇਵੰਦ ਧੰਦਾ ਬਣਾ ਲੈਂਦਾ ਹੈ ਤੇ ਸਵੈ ਰੋਜ਼ਗਾਰ ਵੀ ਅਤੇ ਹੋਰਨਾਂ ਲਈ ਸੇਧਕ ਵੀ ਬਣ ਜਾਂਦਾ ਐ। ਜਿਸ ਤਰ੍ਹਾਂ ਅੱਜ ਬੱਚੇ ਮੋਬਾਈਲ ਫੋਨਾਂ ਤੇ ਸਭ ਦੇਖ ਕੇ ਕੁਝ ਨਕਲ ਵੱਸ ਚਲਦੇ ਹਨ ਤੇ ਕੁੱਝ ਲਈ ਚੰਗੀ ਤਕਨੀਕੀ ਚੰਗਾ ਰਾਹ ਦਸੇਰਾ ਬਣ ਜਾਂਦਾ ਹੈ। ਏਸੇ ਤਰ੍ਹਾਂ ਅੱਜ ਜਦੋਂ ਵਧੇਰੇ ਗਿਣਤੀ ਵਿਚ ਪੰਜਾਬ ਦੇ ਸਕੂਲਾਂ ਵਿਚ ਖੇਤੀਬਾੜੀ ਅਧਿਆਪਕ ਜਦੋਂ ਅਗਾਂਹਵਧੂ ਕਿਸਾਨ ਭਰਾਵਾਂ ਤੋਂ ਏਨਾਂ ਬੱਚਿਆਂ ਦੇ ਤੋਰੇ ਫੇਰੇ ਵਿਜ਼ਿਟ ਆਦਿ ਅੱਠਵੀਂ, ਦੱਸਵੀਂ, ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਵਿਅਕਤੀਗਤ ਕਰਵਾਉਣਗੇ ਤਾਂ ਸਕੂਲੋਂ ਹੱਟਣ ਸਾਰ ਨਵੀਂ ਦਿਸ਼ਾ ਲੈ ਕੇ ਉਹ ਕੋਈ ਕਿੱਤਾ ਸ਼ੁਰੂ ਜ਼ਰੂਰ ਕਰ ਸਕਣਗੇ ਜਾਂ ਵਿਚਾਰ



**ਕਮਲਇੰਦਰਜੀਤ ਸਿੰਘ ਬਾਜਵਾ**

ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਆਵੇਗਾ ਤੇ ਕੁੱਝ ਕੁ ਜਾਗਰੂਕ ਜ਼ਰੂਰ ਹੋਣਗੇ।

ਸਿੱਖਿਆ ਪ੍ਰਣਾਲੀ ਅਤੇ ਸਿਖਲਾਈ ਸੰਸਥਾਵਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ ਉਸ ਏਰੀਏ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਤੇ ਬਦਲਣ ਲਈ। ਜਿਵੇਂ ਕਹਿੰਦੇ ਸਨ ਕਿ ਸਰਪੰਚ ਦੀ ਕਾਰਗੁਜ਼ਾਰੀ ਦੇਖਣੀ ਹੈ ਤਾਂ ਉਸ ਪਿੰਡ ਦੀ ਨਾਲੀ ਗਲੀ ਦੇਖ ਲਵੋ ਤੇ ਲੋਕਲ ਮੰਤਰੀ ਦੇ ਕੰਮ ਦੇਖਣੇ ਹੋਣ ਤਾਂ ਉਸ ਦੇ ਏਰੀਏ ਦੇ ਸੜਕੀ ਹਾਲਾਤਾਂ ਨੂੰ ਦੇਖੋ। ਏਸੇ ਤਰ੍ਹਾਂ ਜੇਕਰ ਸੰਸਥਾਵਾਂ ਨੂੰ ਸਮੇਂ ਨਾਲ ਢੁੱਕਵਾਂ ਮੋੜ ਜਾਂ ਦਿਸ਼ਾ ਪ੍ਰਦਾਨ ਨਾ ਕੀਤੀ ਜਾਵੇ ਤਾਂ ਕੋੜੇ ਲਫਜ਼ਾਂ ਵਿਚ ਕੇਵਲ ਨੌਕਰੀ ਨੂੰ ਪ੍ਰੋਮੋਸ਼ਨ ਤੇ ਢਾਂਚੇ ਕੇਵਲ ਨਾਮ ਦੇ ਬਣਾਈਂ ਰੱਖਣੇ ਹੀ ਕਹਿ ਸਕਦੇ ਹਾਂ। ਦਰਅਸਲ ਅਦਾਰਾ ਕੋਈ ਵੀ ਮਾੜਾ ਨਹੀਂ ਹੁੰਦਾ ਉਸ ਨੂੰ ਡਾਇਰੈਕਸ਼ਨ ਦੇਣ ਵਾਲਾ ਜਾਂ ਚੰਗਾ ਸਲਾਹਕਾਰ ਜੇਕਰ ਆਪਣੇ ਨਿੱਜੀ ਸਵਾਰਥਾਂ ਤੱਕ ਰਹਿ ਗਿਆ ਜਾਂ ਸੋਧ ਸਮਾਜ ਪੱਖੀ ਨਾ ਕਰ ਸਕਿਆ ਤਾਂ ਪਛਤਾਵਾ ਉਹਨਾਂ ਚੋਂ ਲੰਘਣ ਵਾਲਿਆਂ ਨੂੰ ਜ਼ਰੂਰ ਆਉਂਦੇ ਸਮਿਆਂ ਤੱਕ ਹੋਵੇਗਾ। ਖੇਤੀ ਪ੍ਰਧਾਨ ਸੂਬੇ ਵਿਚ ਪੰਜਾਬ ਦੇ ਹਰੇਕ ਬਲਾਕ 'ਚ ਪੈਂਦੇ ਸੀਨੀਅਰ ਸਕੂਲਾਂ ਵਿਚ ਕਿੰਨੇ ਕੁ ਖੇਤੀ ਅਧਿਆਪਕ ਕੰਮ ਕਰ ਰਹੇ ਹਨ ਜਾਂ ਅਜੇ ਆਉਂਦੇ ਸਮੇਂ ਵਿਚ ਪੋਸਟ ਪੈਦਾ ਕਰਨ ਬਾਰੇ ਹੀ ਸੋਚ ਰਹੇ ਹਾਂ, ਲੰਮੇ ਸਮੇਂ ਤੋਂ ਖਾਲੀ ਚੱਲ ਰਹੇ ਹਨ। ਜਿਹੜੇ ਅਧਿਆਪਕ ਕੰਮ ਕਰ ਰਹੇ ਹਨ ਉਹ ਮਿਡਲ, ਪ੍ਰਾਈਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਖੇਤੀ ਵਿਦਿਅਕ ਸੰਸਥਾਵਾਂ ਜਾਂ ਖੇਤੀ ਦੁਨੀਆਂ ਵਿਚ ਨਾਮਣਾ ਖੱਟਣ ਵਾਲੇ ਅਗਾਂਹਵਧੂ ਸੋਚ ਵਾਲੇ ਕਿਸਾਨ ਵਿਦਵਾਨਾਂ ਨਾਲ ਕਿੰਨਾ ਕੁ ਮੇਲ ਜੋਲ, ਕਿੰਨਾ ਕੁ ਵਿਜ਼ਿਟ, ਜਾਂ ਖੇਤੀ ਵਿਭਿੰਨਤਾ, ਸਹਾਇਕ ਧੰਦਿਆਂ ਬਾਰੇ, ਜਿਨ੍ਹਾਂ ਬੱਚਿਆਂ ਕੋਲ ਜ਼ਮੀਨ ਨਹੀਂ ਹੈ, ਉਹਨਾਂ ਨੂੰ ਘਰ ਵਿਚ ਵਾਧੂ ਜਗ੍ਹਾ ਜਾਂ ਹਵੇਲੀ ਵਿਚ ਖੁੰਬਾਂ ਆਦਿ ਦੇ ਕੰਮ ਕਰਨ ਦੇ ਉਪਰਾਲੇ ਬਾਰੇ ਸਕੂਲਾਂ ਦੇ ਸਹਿਯੋਗ ਸਦਕਾ ਜਾਂ ਵਿਭਾਗਾਂ ਦੇ ਮੁਖੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਿੰਨਾ ਕੁ ਏਸ ਪਾਸੇ ਵੱਲ ਨੂੰ ਕੰਮ ਹੋ ਰਿਹਾ ਉਹ ਦੇਖਣਾ ਵੀ ਅਲੱਗ ਮਸਲਾ ਹੈ ਕਿ ਕਿੱਤਾ ਮੁੱਖੀ ਸਿਖਲਾਈ ਵਿਜ਼ਿਟ ਦੇ ਕੀ ਉੱਦੇਸ਼ ਉੱਥੋਂ ਦੇ ਨੇੜਲੇ ਖੇਤੀ ਕੇਂਦਰਾਂ ਦੇ ਵਿਜ਼ਿਟ ਕਰਵਾਉਂਦੇ ਜਾਂ ਨਹੀਂ ? ਜਿਸ ਤੋਂ ਸੇਧ ਬੱਚਿਆਂ ਨੂੰ ਛੋਟੇ ਪੱਧਰ ਤੇ ਸਵੈ ਰੋਜ਼ਗਾਰ ਪ੍ਰਬੰਧ ਬਾਰੇ ਮਿਲ ਸਕੇ ਤਾਂ ਜੋ ਉਸਦੇ ਮਾਨਸਿਕ ਮਨੋਬਲ ਵਧਾਉਣ ਨੂੰ ਤਰਜੀਹ ਮਿਲੇ, ਖਾਸ ਤੌਰ ਤੇ ਵਿਦੇਸ਼ੀ ਦੌੜ ਤੇ ਨਸ਼ਿਆਂ ਤੋਂ ਦੂਰ ਹੋਣ ਲਈ ਸਹਾਈ ਹੋਵੇਗੀ।

ਬਤੌਰ ਲੇਖਕ ਖੇਤੀ ਅਦਾਰੇ 'ਚ ਕੰਮ ਕਰਦਿਆਂ ਕੋਈ ਨਾ ਕੋਈ ਪੰਜਾਬ ਸਰਕਾਰ ਵੱਲੋਂ ਜਾਰੀ ਕੰਪੇਨ ਨੂੰ ਲੈ ਕੇ ਪਿੰਡਾਂ 'ਚ ਵੱਟਾਂ ਛਿੱਲਣ, ਧਰਮ ਦੀ ਵੰਡ, ਲਾਲਚਾਂ ਦੇ ਸਿਆਸੀ ਵਿਕਾਰਾਂ ਤੋਂ ਅੱਗੇ ਨਹੀਂ ਲੰਘਣਗੇ।

ਪਿਛਲੇ ਦਿਨੀਂ ਬੇਹੱਦ ਜ਼ਰੂਰੀ ਮਸਲੇ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਸਰਕਾਰ ਦੇ ਇਕ ਕੈਬਨਿਟ ਮੰਤਰੀ ਨੂੰ ਮਿਲ ਕੇ ਸਕੂਲਾਂ ਵਿਚ ਖੇਤੀਬਾੜੀ ਅਧਿਆਪਕਾਂ ਦੀਆਂ ਖਾਲੀ ਪੋਸਟਾਂ ਭਰਨ ਬਾਰੇ ਵੀ ਕਿਹਾ। ਜਦਕਿ ਇਸ ਮੁੱਦੇ ਤੇ ਪਹਿਲਾਂ ਹੀ ਕੰਮ ਕਰਨਾ ਸਰਕਾਰਾਂ ਦਾ ਹੁੰਦਾ ਹੈ ਜੋ ਪਹਿਲਾਂ ਹੁੰਦਾ ਹੈ ਜੋ ਪਹਿਲਾਂ ਹੀ ਅਮਲੀ ਜਾਮਾ ਪਹਿਨਾਇਆ ਜਾਣਾ ਵੀ ਚਾਹੀਦਾ ਸੀ। ਨਾ ਹੀ ਬੱਚਿਆਂ ਵੱਲੋਂ ਖੇਤੀ ਪ੍ਰਧਾਨ ਸੂਬੇ ਵਿਚ ਸਮਾਜ ਦੇ ਬੇਹੱਦ ਜ਼ਰੂਰੀ ਮਸਲੇ ਤੇ ਪਹਿਲਾਂ ਆਪ ਧਰਨਾ ਲਗਾਉਂਦੇ, ਫਿਸ ਸਮਾਂ ਖਰਾਬ ਕਰਕੇ ਯਾਦ ਪੱਤਰ ਸਮਾਜ ਦੇ ਜ਼ਰੂਰੀ ਕੰਮ ਕਰਵਾਉਣ ਲਈ ਸਰਕਾਰਾਂ ਨੂੰ ਦਿੰਦੇ ਜੋ ਕਿ ਬੇਹੱਦ ਦੁੱਖਦਾਈ ਹੈ।

ਬੱਚਿਆਂ ਦੇ ਆਪਣੇ ਬਲਾਕ ਦੇ ਹੀ ਸਕੂਲਾਂ ਵਿਚ ਜਾਣ ਦਾ ਮੌਕਾ ਮਿਲਿਆ। ਸਮੇਂ ਦੀ ਸਮਾਜਿਕ ਸੇਧ ਸਿੱਖਿਆ ਤੇ ਸੋਚ ਬਾਰੇ ਜਿਸ ਵਿਚ ਮੇਰਾ ਚਾਰ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨਾਲ ਤੇ ਇਕ ਹਾਈ ਸਕੂਲ ਦੇ ਵਿਦਿਆਰਥੀਆਂ ਨਾਲ ਰਾਬਤਾ ਕੰਪੇਨ ਦੌਰਾਨ ਹੋਇਆ। ਸਾਰੇ ਪ੍ਰਚਾਰ ਦੇ ਕਾਰਜ ਪੂਰੇ ਕਰਨ ਤੋਂ ਬਾਅਦ ਮੈਂ ਬਾਰਵੀਂ ਤੇ ਦੱਸਵੀਂ ਜਮਾਤ ਦੇ ਵੱਡੀ ਗਿਣਤੀ ਵਿਚ ਬੈਠੇ ਵਿਦਿਆਰਥੀਆਂ ਨੂੰ ਨਿੱਜੀ ਤੌਰ ਤੇ ਅਸਲ ਕੰਪੇਨ ਵਾਲੇ ਮੁੱਦੇ ਤੋਂ ਬਾਹਰ ਜਾ ਕੇ ਉਹਨਾਂ ਦਾ ਕੇਵਲ ਮਨੋਬਲ ਚੈੱਕ ਕਰਨ ਲਈ ਸਵਾਲ ਪੁੱਛਿਆ ਕਿ ਭਗਤ ਪੂਰਨ ਸਿੰਘ ਕੌਣ ਸਨ ਤੇ ਸਮਾਜ ਨੂੰ ਉਹਨਾ ਦੀ ਕੀ ਦੇਣ ਸੀ ? ਜਿਹੜਾ ਬੱਚਾ ਦੱਸੇਗਾ ਉਸਨੂੰ ਉੱਚਿਤ ਇਨਾਮ ਮੈਂ ਆਪਣੇ ਨਿੱਜੀ ਤੌਰ ਤੇ ਦੇਵਾਂਗਾ। ਬੜਾ ਦੁੱਖ ਹੋਇਆ ਕਿ ਕਿਸੇ ਵੀ ਛੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਇਸ ਬਾਰੇ ਨਹੀਂ ਪਤਾ ਸੀ ਤਾਂ ਮੈਂ ਉਹਨਾਂ ਦੀ ਸਕੂਲ ਮੈਨੇਜਮੈਂਟ ਨੂੰ ਬੇਨਤੀ ਕੀਤੀ ਕਿ ਆਪੋ ਆਪਣੇ ਮੁਲਾਜ਼ਮ ਜੱਥੇਬੰਦੀਆਂ ਨਾਲ ਗੱਲਬਾਤ ਕਰਦੇ ਏਨਾਂ ਸਮਾਜ ਸੇਧਕ ਸੁਧਾਰਕਾਂ/ਵਰਗਾਂ ਨੂੰ ਵੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਕਿਤਾਬਾਂ ਵਿਚ ਉਹਨਾਂ ਦੀ ਜੀਵਨੀ ਐਡ ਕਰਵਾਓ। ਬੱਚਿਆਂ ਨੂੰ ਪਤਾ ਲੱਗ ਸਕੇ ਕਿ ਲੋੜਵੰਦ ਲੋਕਾਂ ਦੀ ਮੱਦਦ ਕਰਨੀ ਕਿੰਨੀ ਜ਼ਰੂਰੀ ਤੇ ਕਿਵੇਂ ਹੋ ਸਕਦੀ ਹੈ ਤੇ ਬੇ-ਆਸਰਿਆਂ ਦਾ ਸਹਾਰਾ ਵੀ ਬਣਨਾ ਬਹੁਤ ਜ਼ਰੂਰੀ ਹੈ। ਜੇਕਰ ਇਨ੍ਹਾਂ ਬੱਚਿਆਂ ਨੂੰ ਸਮਾਜ ਸੇਵੀਆਂ ਬਾਰੇ ਦਿਸ਼ਾ ਜਾਂ ਜਾਣਕਾਰੀ ਦੇਣ ਵੱਲ ਨਾ ਲਿਆਂਦਾ ਗਿਆ ਤਾਂ ਮਾਫ ਕਰਿਓ ਫਿਰ ਇਹ ਆਉਂਦੀ ਪੀੜ੍ਹੀ ਦੇ ਬੱਚੇ ਈਰਖਾ ਨਿੰਦਾ ਦੀ ਜ਼ਿੰਦਗੀ ਹੀ ਮਾਣਨਗੇ।

ਅੱਜ ਵੀ ਬਹੁਤ ਸਾਰੇ ਮੁੱਦੇ ਜੋ ਸਮਾਜ ਦੇ ਚੰਗੇ ਭਵਿੱਖ ਲਈ ਹਨ ਉਹਨਾਂ ਨੂੰ ਵਿਦਿਆ ਦੇ ਖੇਤਰ ਦੇ ਬੁੱਧੀਜੀਵੀ ਵਰਗ ਨਾਲ ਗੱਲਬਾਤ ਕਰਕੇ ਜਨਰਲ ਸਕੂਲ ਸਿੱਖਿਆ ਕਿਤਾਬਾਂ ਵਿਚ ਐਡ ਕਰਨ ਦੀ ਲੋੜ ਹੈ ਖਾਸ ਤੌਰ ਤੇ ਗੰਦੇ ਤੇ ਨੈਗੇਟਿਵ ਸ਼ੋਸ਼ਲ ਮੀਡੀਆ ਤੇ ਵੱਧਦੇ ਕਰੇਜ਼ ਕਰਕੇ। ਜਿੱਥੇ ਅੱਜ ਨੌਜਵਾਨਾਂ 'ਚ ਸਹਿਣਸ਼ੀਲਤਾ ਤੇ ਸਮਝਦਾਰੀ ਦੀ ਭਾਵਨਾ ਖਤਮ ਹੋ ਕੇ ਕਾਹਲ ਤੇ ਹਉਮੈਂ ਵਿਚ ਬਦਲ ਰਹੀ ਹੈ। ਵੱਡੇ ਛੋਟੇ ਦੇ ਸਤਿਕਾਰ 'ਚ ਗਿਰਾਵਟ ਦਰਜ ਹੋਈ ਹੈ।

ਏਥੇ ਗੱਲ ਕੇਵਲ ਬੱਚਿਆਂ ਦੇ ਰੋਜ਼ਗਾਰ ਦੀ ਹੀ ਨਹੀਂ, ਕਿੰਨੇ ਪੰਜਾਬ ਦੇ ਸਕੂਲਾਂ ਵਿਚ ਉਹ ਬੱਚੇ ਹਨ ਜੋ ਅੱਠਵੀਂ ਜਮਾਤ, ਦੱਸਵੀਂ ਤੇ ਬਾਰਵੀਂ ਜਮਾਤ ਵਿੱਚੋਂ ਕਿਸੇ ਨਾ ਕਿਸੇ ਕਾਰਨ ਵੱਸ ਸਕੂਲੋਂ ਹੱਟ ਕੇ ਘਰ ਬੈਠ ਵਿਹਲ ਪੁਣੇ ਕਰਕੇ ਕੋਈ ਕੰਮ ਨਾ ਹੋਣ ਦੀ ਸੂਰਤ ਵਿਚ ਨਸ਼ਿਆਂ ਅਤੇ ਵਿਦੇਸ਼ ਭੱਜ ਜਾਣ ਦੀ ਫਿਰਾਕ ਚ ਰਹਿ ਜਾਂਦੇ ਹਨ। ਅਜਿਹੇ ਵਿਚ ਜੇਕਰ ਕਲਾਸ ਵਿਚ ਖੇਤੀ ਵਿਸ਼ਿਆਂ ਚ ਸਹਾਇਕ ਧੰਦਿਆਂ 'ਚ ਪ੍ਰੋਸੈਸਿੰਗ ਰੂਪ ਵਿਚ ਕਾਸ਼ਤ ਬਾਰੇ ਅਤੇ ਜੇਕਰ ਕਿਸੇ ਬੱਚੇ ਕੋਲ ਜ਼ਮੀਨ ਨਾ ਹੋਵੇ ਜਾਂ ਬੇਹੱਦ ਮਰਲਿਆਂ 'ਚ ਘੱਟ ਹੋਵੇ, ਉੱਥੇ ਵੀ ਖੁੰਬਾਂ , ਆਦਿ ਤੇ ਪਿੰਡਾਂ ਦੇ ਪਹਿਆਂ ਰਾਹਾਂ ਆਦਿ ਤੇ ਸ਼ਹਿਦ ਦੀ ਮੱਖੀ ਪਾਲਣ ਦਾ ਕਿੱਤਾ ਚਲਾਉਣ ਬਾਰੇ ਜਾਣਕਾਰੀ ਜਾਂ ਸਿਖਲਾਈ ਲਈ ਕੇਂਦਰਿਤ ਕੌਣ ਕਰੇਗਾ ? ਖਾਸ ਤੌਰ ਜੇਕਰ ਝਾਤ ਬੇਟ ਖੇਤਰ ਦੇ ਨਾਲ ਕੰਢੀ ਖੇਤਰ, ਦੇਸ਼ ਦੇ ਬਾਰਡਰ ਏਰੀਏ ਵਿਚ ਦੇਖੀਏ ਤਾਂ ਕਿੰਨੇ ਕੁ ਅਜਿਹੇ ਸਵੈ ਰੋਜ਼ਗਾਰ ਦੇ ਪਹਿਲੂਆਂ ਤੇ ਬੱਚਿਆਂ ਨੂੰ ਸਮਝਾਉਣ




ਪੜਾਉਣ ਲਈ ਕਿੰਨੇ ਖੇਤੀਬਾੜੀ ਅਧਿਆਪਕ ਹੋਣਗੇ ਤਾਂ ਤਕਰੀਬਨ ਸਿਰਫ ਕਹਿਣਾ ਹੀ ਲਾਜ਼ਮੀ ਹੋਵੇਗਾ। ਏਸ ਬਾਰੇ ਕਦੋਂ ਤੇ ਕਿੰਨੇ ਸੋਚਣਾ ? ਗੱਲਾਂ ਖੇਤੀ ਨੀਤੀਆਂ ਬਣਾਉਣ ਦੀਆਂ ਹੋ ਰਹੀਆਂ ਹਨ, ਪਰ ਛੋਟੀ ਪੀੜ੍ਹੀ ਜੋ ਖੇਤੀਬਾੜੀ ਯੂਨੀਵਰਸਿਟੀ ਵਿਚ ਜ਼ਿਆਦਾ ਤਾਦਾਦ 'ਚ ਨਹੀਂ ਪਹੁੰਚ ਪਾਉਂਦੇ। ਉਹਨਾਂ ਦੇ ਪਿੰਡ ਪੱਧਰੀ ਭਵਿੱਖ ਦੀ ਚਿੰਤਾ ਕਿੰਨੇ ਕਰਨੀ ਹੈ। ਹਾਲਾਤ ਪੰਜਾਬ ਦੇ ਬੱਚਿਆਂ ਦੇ ਪਿੰਡਾਂ ਵਿਚ ਕੀ ਹੋਣਗੇ ਜੇਕਰ ਬੱਚਾ ਬੇਹੱਦ ਗਰੀਬ ਘਰ ਦਾ ਹੋਇਆ ਜਾਂ ਤਾਂ ਪਿੰਡ 'ਚ ਨਰੇਗਾ ਕਾਮਿਆਂ ਵਿਚ ਉਡੀਕ ਰਹੂ ਤੇ ਜੇ ਉਸ ਕੋਲ ਚਾਰ ਪੈਲੀਆਂ ਹੋਈਆਂ ਤਾਂ ਜਲਦ ਵੇਚ ਕੇ ਆਪਣੇ ਪਿੰਡ ਤੇ ਮਾਂ ਧਰਤ ਨੂੰ ਛੱਡ ਜਾਣ ਲਈ ਵਿਦੇਸ਼ ਪਹੁੰਚਣ ਦੀ ਫਿਰਾਕ 'ਚ ਹੋਵੇਗਾ। ਲਿਖਤ ਸਮਾਜ ਵਿਚ ਵਿਚਰਦਿਆਂ ਸੋਧਾਂ ਦੀ ਲੋੜ ਮਹਿਸੂਸ ਹੋਣ ਕਰਕੇ ਲਿਖੀ ਗਈ ਹੈ।

# ਪਸ਼ੂ ਫੀਡ ਬਣਾਉਣ ਦਾ ਸੁਚਾਰੂ ਢੰਗ

ਪਰਮਿੰਦਰ ਸਿੰਘ ਅਤੇ ਜਸਵਿੰਦਰ ਸਿੰਘ, ਪਸ਼ੂ ਪਾਲਣ ਅਤੇ ਚਿਕਿਤਸਾ ਪਸਾਰ ਸਿੱਖਿਆ ਵਿਭਾਗ ।

ਡੇਅਰੀ ਕਿੱਤੇ ਦੇ ਕੁੱਲ ਖਰਚੇ ਵਿਚ ਖੁਰਾਕ ਦਾ ਖਰਚਾ ਲਗਭਗ 60-65 ਫੀਸਦੀ ਹੁੰਦਾ ਹੈ । ਪਸ਼ੂ ਦੀ ਸੰਤੁਲਿਤ ਖੁਰਾਕ ਵਿੱਚ ਮੁੱਖ ਤੌਰ ਤੇ ਹਰਾ, ਤੂੜੀ ਅਤੇ ਵੰਡ ਆਉਂਦੇ ਹਨ । ਹਰ ਇਕ ਪਸ਼ੂ ਪਾਲਕ ਦਾ ਹਰਾ ਅਲੱਗ ਹੁੰਦਾ ਹੈ ਕਿ ਨਹੀਂ, ਇੱਕ ਲਵੇਰੇ ਨੂੰ ਰੱਜਵੇਂ ਪੱਠੇ (40-45 ਕਿਲੋ ਪ੍ਰਤੀ ਦਿਨ) ਮਿਲਦੇ ਹਨ ਕਿ ਨਹੀਂ; ਜੇ ਨਹੀਂ ਤਾਂ ਤੂੜੀ/ਪਰਾਲੀ ਦਾ ਸਹਾਰਾ ਲੈਣਾ ਪੈਂਦਾ ਹੈ । ਸਾਲ ਵਿੱਚ ਚਾਰ ਮਹੀਨੇ ਅਕਤੂਬਰ-ਨਵੰਬਰ ਅਤੇ ਮਈ-ਜੂਨ 'ਚ ਚਾਰਿਆਂ ਦੀ ਥੁੜ੍ਹ ਹੁੰਦੀ ਹੈ । ਹਾੜ੍ਹੀ ਤੇ ਸਾਉਣੀ ਦੇ ਚਾਰੇ ਸਾਡੇ ਅਲੱਗ-ਅਲੱਗ ਹੁੰਦੇ ਹਨ । ਇਨ੍ਹਾਂ ਦੀ ਰਸਾਇਣਕ ਬਣਤਰ ਇਕਸਾਰ ਨਹੀਂ ਹੁੰਦੀ । ਜਿਥੇ ਹਾੜ੍ਹੀ ਦੇ ਚਾਰੇ ਪ੍ਰੋਟੀਨ 'ਚ ਭਰਭੂਰ ਹੁੰਦੇ ਹਨ, ਉਥੇ ਉਨ੍ਹਾਂ ਵਿੱਚ ਨਮੀਂ ਬਹੁਤ ਜ਼ਿਆਦਾ ਹੁੰਦੀ ਹੈ । ਇਸ ਦੇ ਉਲਟ ਸਾਉਣੀ ਦੇ ਚਾਰਿਆਂ ਵਿੱਚ ਪ੍ਰੋਟੀਨ ਅਤੇ ਨਮੀਂ ਘੱਟ ਹੁੰਦੀ ਹੈ । ਜਦੋਂ ਕਟਾਈ ਲਈ ਦੇਰੀ ਹੋ ਜਾਂਦੀ ਹੈ ਤਾਂ ਕਈਂ ਵਾਰ ਚਾਰਿਆਂ ਦੇ ਪੱਕਣ ਸਦਕਾ ਉਨ੍ਹਾਂ ਦੀ ਖੁਰਾਕੀ ਗੁਣਵੱਤਾ ਘੱਟ ਜਾਂਦੀ ਹੈ । ਜਦੋਂ ਹਰਾ ਘੱਟ ਹੁੰਦਾ ਹੈ ਤਾਂ ਤੂੜੀ/ਪਰਾਲੀ ਨਾਲ ਲਵੇਰੇ ਦਾ ਢਿੱਡ ਭਰਨਾ ਪੈਂਦਾ ਹੈ । ਨਸਲ ਸੁਧਾਰ ਸਦਕਾ ਵਲਾਇਤੀ ਲਵੇਰੀਆਂ ਤਾਂ ਪੈਦਾ ਕਰ ਲਈਆਂ ਹਨ, ਪਰ ਉਹ ਤੂੜੀ/ਪਰਾਲੀ ਜ਼ਿਆਦਾ ਨਹੀਂ ਖਾ ਸਕਦੀਆਂ । ਇਹ ਮੱਝਾਂ ਹੀ ਹਨ ; ਜਿਹੜੀਆਂ ਬਿਨ੍ਹਾਂ ਹਰੇ ਤੋਂ ਜਾਂ ਘੱਟ ਹਰਾ ਖਾ ਕੇ, ਤੂੜੀ/ਪਰਾਲੀ ਸਦਕਾ 7-8 ਲਿਟਰ ਦੁੱਧ ਦੇ ਰਹੀਆਂ ਹਨ । ਆਉਣ ਵਾਲੇ 4-5 ਸਾਲਾਂ ਵਿੱਚ ਮਨੁੱਖੀ ਆਬਾਦੀ ਕਿੰਨ੍ਹੀ ਵੱਧਣੀ, ਕੋਈ ਨਹੀਂ ਜਾਣਦਾ । ਹਰ ਸਾਲ ਕਣਕ-ਝੋਨੇ ਦੇ ਭਾਅ ਵੱਧਣ ਸਦਕਾ ਨਜ਼ਲਾ ਆਖਿਰ ਪੱਠਿਆਂ ਤੇ ਗਿਰਦਾ ਹੈ । ਸਾਡੇ ਚਾਰਿਆਂ ਹੇਠ ਰਕਬਾ ਵੱਧਣ ਦੀ ਥਾਂ ਘੱਟ ਰਿਹਾ ਹੈ । ਆਉਣ ਵਾਲੇ ਸਮੇਂ ਉਹ ਦੋਗਲੇ ਲਵੇਰੇ ਜੋ ਵੱਧ ਦੁੱਧ ਦੇਣ ਦੀ ਸਮਰੱਥਾ, ਕੀ ਉਹ ਘੱਟ ਚਾਰੇ ਜਾਂ ਬਿਨ੍ਹਾਂ ਚਾਰਿਆਂ ਤੋਂ ਵੱਧ ਦੁੱਧ ਦੇਣਗੇ, ਇਕ ਸਵਾਲ ਜਿਹਾ ਉੱਠਦਾ ਹੈ ?

ਲਵੇਰੀਆਂ ਦੀ ਖੁਰਾਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਨੂੰ ਦਾਣੇ ਜਾਂ ਵੰਡ ਦਾ ਸਹਾਰਾ ਲੈਣਾ ਪੈਂਦਾ ਹੈ । ਹਰ ਇਕ ਪਸ਼ੂ ਪਾਲਕ ਦੀ ਆਪਣੀ ਹੀ ਰਵਾਇਤ ਹੈ । ਕਈ ਬਾਜ਼ਾਰੀ ਫੀਡਾਂ ਪਾਉਂਦੇ ਹਨ । ਕਈਂ ਫੀਡ ਮਿਲਾਂ ਤੋਂ ਆਪ ਵੰਡ ਬਣਵਾ ਕੇ ਲਿਆਉਂਦੇ ਹਨ । ਬਹੁਤੇ ਪਸ਼ੂ ਪਾਲਕ ਅਜੇ ਵੀ ਤਰਤੀਬ ਨਾਲ ਵੰਡ ਨਹੀਂ ਖੁਆਉਂਦੇ । ਪਾਉਣ ਲੱਗੇ ਤਾਂ ਖੁੱਲ੍ਹਾ ਹੀ ਪਾਈ ਜਾਂਦੇ ਹਨ ਜਾਂ ਕਦੇ ਚੋਕਰ, ਕਦੇ ਪਾਲਿਸ਼ ਜਾਂ ਕਈਂ ਵਾਰ ਆਨਾਜ ਹੀ ਵੱਧ ਪਾ ਦਿੰਦੇ ਹਨ । ਘਿਉ, ਕਾੜੇ, ਦਲੀਏ, ਪੀਪੀਆਂ, ਮਿੱਠਾ ਸੋਢਾ ਅਤੇ ਮਸਾਲਿਆਂ (ਸੌਂਫ, ਇਲਾਚੀਆਂ, ਭੂਰੀਆਂ ਮਿਰਚਾਂ ਆਦਿ) ਦਾ ਤਾਂ ਕਹਿਣਾ ਹੀ ਕੀ ਹੈ । ਬਾਜ਼ਾਰੀ ਫੀਡਾਂ ਤੇ ਅਕਸਰ ਭਰੋਸਾ ਨਹੀਂ ਕੀਤਾ ਜਾਂਦਾ । ਬਹੁਤ ਘੱਟ ਫੀਡ ਨਿਰਮਾਤਾ ਹਨ ਜਿਨ੍ਹਾਂ ਦੀ ਫੀਡ ਦਾ ਮਿਆਰ ਉੱਤਮ ਦਰਜੇ ਦਾ ਹੁੰਦਾ ਹੈ । ਫੀਡ ਕੰਪਨੀਆਂ ਜਦੋਂ ਆਪਣੇ ਬਰੈਂਡ ਦੀ ਫੀਡ ਬਣਾਉਂਦੀਆਂ ਹਨ ਤਾਂ ਉਨ੍ਹਾਂ ਨੇ ਕਿਸੇ ਖਾਸ ਪਸ਼ੂ ਪਾਲਕ ਨੂੰ ਧਿਆਨ 'ਚ ਰੱਖ ਕੇ ਫੀਡ ਨਹੀਂ ਬਣਾਉਣੀ ਹੈ । ਹੋ ਸਕਦਾ ਹੈ ਕਿਸੇ ਪਸ਼ੂ ਪਾਲਕ ਨੂੰ ਨਤੀਜੇ ਵਧੀਆ ਮਿਲਣ ਅਤੇ ਕਿਸੇ ਨੂੰ ਨਹੀਂ । ਕੁਝ ਸਿਆਣੇ ਕਿਸਾਨ ਬਾਜ਼ਾਰੀ ਫੀਡ ਵਿੱਚ ਹੋਣ ਵਾਲੀਆਂ ਠੱਗੀਆਂ ਤੋਂ ਬਚਣ ਲਈ ਫੀਡ ਮਿਲ ਤੇ ਜਾ ਕੇ, ਆਪਣੇ ਫਾਰਮੂਲੇ ਮੁਤਾਬਿਕ ਫੀਡ ਤਿਆਰ ਕਰਵਾਉਂਦੇ ਹਨ । ਲਵੇਰਿਆਂ ਲਈ ਫਾਰਮੂਲੇ ਡੇਅਰੀ ਨਾਲ ਸੰਬੰਧਿਤ ਕਿਤਾਬਾਂ ਵਿੱਚ ਲਿਖੇ ਹੁੰਦੇ ਹਨ । ਇਨ੍ਹਾਂ ਫਾਰਮੂਲਿਆਂ ਨੂੰ ਬਹੁਤ ਸੂਝਵਾਨ ਲੇਖਕਾਂ ਨੇ ਆਪਣੇ ਤਜ਼ਰਬੇ ਦੇ ਆਧਾਰ ਤੇ ਬਣਾਇਆ ਹੁੰਦਾ ਹੈ । ਹੋਰ ਤਾਂ ਹੋਰ, ਅੱਜ ਕੱਲ ਕਈਂ ਦਵਾਈ ਵੇਚਣ ਵਾਲੀਆਂ ਕੰਪਨੀਆਂ ਵੀ ਕੰਡੇ ਖੜਕਾ ਕੇ ਆਪਣਾ ਫਾਰਮੂਲਾ ਦੇ ਰਹੀਆਂ ਹਨ ।

ਜਦੋਂ 1-2 ਦਿਨ ਦੀ ਫੀਡ ਰਹਿ ਜਾਂਦੀ ਹੈ ਤਾਂ ਇਕ ਪਸ਼ੂ ਪਾਲਕ ਨੂੰ ਸੁਭਾਵਿਕ ਹੀ ਫੀਡ ਬਣਾਉਣ ਦੀ ਬੇਚੈਨੀ ਜਿਹੀ ਹੋਣ ਲੱਗਦੀ ਹੈ । ਪਹਿਲਾਂ ਤਾਂ ਇਹ ਘਬਰਾਹਟ ਕਿ ਪਿਛਲੇ ਪੈਸੇ ਮੋੜਨੇ ਹਨ ਤਾਂ ਨਵੀਂ ਫੀਡ ਬਣੂਗੀ । ਦੂਸਰਾ ਫੀਡ ਮਿਲਰ ਕੋਲ ਮੇਰੇ ਲਈ ਵਕਤ ਹੈ ਕਿ ਨਹੀਂ । ਬੜੀ ਮੁਸ਼ਕਲ ਨਾਲ ਟਾਈਮ ਮਿਲਦਾ ਹੈ ਕਿ ਫਲਾਣੇ ਦਿਨ ਫਲਾਣੇ ਟਾਈਮ ਤੇ ਤੁਹਾਡੀ ਫੀਡ ਬਣੂਗੀ । ਡੇਅਰੀ ਪਾਲਕ ਤੜਕੇ ਹੀ ਆਪਣਾ ਟਰੈਕਟਰ ਟਰਾਲੀ ਲੈ ਕੇ ਘਰੋਂ ਨਿਕਲ ਪੈਂਦਾ ਹੈ । ਉਸ ਨੂੰ ਵੀ ਪਤਾ ਹੈ ਕਿ ਅੱਜ ਪੂਰੀ ਦਿਹਾੜੀ ਇਸੇ ਕੰਮ ਤੇ ਲੱਗਣੀ ਹੈ । ਜਿਹੜੇ ਵਕਤ ਤੇ ਫੀਡ ਬਣਨੀ ਸੀ, ਉਸ ਵੇਲੇ ਅਕਸਰ ਕਿਸੇ ਹੋਰ ਦੀ ਫੀਡ ਬਣ ਰਹੀ ਹੁੰਦੀ ਹੈ । ਫੀਡ ਮਿਲਰ ਕੋਲ ਬਹਾਨੇ ਤਾਂ ਕਈ ਹੁੰਦੇ ਹਨ । ਲੇਬਰ ਘੱਟ ਹੈ, ਮਸ਼ੀਨ ਰੁਕ ਗਈ, ਬਿਜਲੀ ਨਹੀਂ ਸੀ, ਜਨਰੇਟਰ 'ਚ ਡੀਜ਼ਲ ਨਹੀਂ ਸੀ ਆਦਿ । ਜੇ ਤੁਸੀਂ ਉਧਾਰ ਵਾਲੇ ਪਸ਼ੂ ਪਾਲਕ ਹੋ ਤਾਂ ਸਮਾਂ ਹੋਰ ਲਗੇਗਾ ਅਤੇ ਨਾਲ-ਨਾਲ ਜਿਣਸਾਂ ਦੇ ਭਾਅ ਵੀ ਜ਼ਿਆਦਾ ਲੱਗਣਗੇ, ਕਿਉਂਕਿ ਫੀਡ ਮਿੱਲ ਦੇ ਮਾਲਿਕ ਨੇ ਪਹਿਲ ਤਾਂ ਆਪਣੇ ਨਕਦ ਗਾਹਕ ਨੂੰ ਦੇਣੀ ਹੈ ।

ਜਦੋਂ ਤੁਹਾਡੀ ਫੀਡ ਬਣਾਉਣ ਦਾ ਸਮਾਂ ਆਉਂਦਾ ਹੈ ਤਾਂ ਫਾਰਮੂਲਾ ਤੁਹਾਡੀ ਸਹਿਮਤੀ ਵਾਲਾ ਹੋਣਾ ਚਾਹੀਦਾ ਹੈ । ਉਸ ਵਿੱਚ ਪਾਈਆਂ ਜਾਣ ਵਾਲੀਆਂ ਵੱਖ-ਵੱਖ ਜਿਣਸਾਂ ਦਾ ਭਾਅ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ । ਵੰਡ ਵਿੱਚ ਪਾਏ ਜਾਣ ਵਾਲੇ ਆਨਾਜ, ਖਲ੍ਹਾਂ, ਪਾਲਿਸ਼ ਆਦਿ ਦੀ ਕੁਆਲਿਟੀ ਵੀ ਤੁਹਾਡੀ ਮਰਜ਼ੀ ਦੀ ਹੋਣੀ ਚਾਹੀਦੀ ਹੈ । ਤੁਹਾਡੇ ਲਈ ਫੀਡ ਬਣਾਉਣ ਲਈ ਇਕ ਫੀਡ ਮਿੱਲਰ ਦੀ ਕੁਆਲਿਟੀ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ । ਉਸ ਕੋਲ 2-3 ਕਿਸਮ ਦੀ ਮੱਕੀ, 2-3 ਕਿਸਮ ਦੀ ਸਰ੍ਹੋਂ ਖੱਲ, ਵੜੇਵਿਆਂ ਦੀ ਖਲ (ਕੱਚੀ-ਪੱਕੀ) ਆਦਿ ਰੱਖੀਆਂ ਹੁੰਦੀਆਂ ਹਨ । ਇਹ ਤਾਂ ਤੁਸੀਂ ਕੁਆਲਿਟੀ ਜਾਂ ਜਿਣਸਾਂ ਦੇ ਭਾਅ ਨੂੰ ਪਹਿਲ ਦੇਣੀ ਹੈ । ਫੀਡ ਮਿੱਲਰ ਨੇ ਤਾਂ ਜਿਣਸਾਂ ਦੇ ਭਾਅ, ਪਿਸਾਈ ਅਤੇ ਰਲਾਈ ਦਾ ਮੁੱਲ ਲੈਣਾ ਹੈ । ਕਈਂ ਵਾਰ ਤੁਹਾਡੇ ਫਾਰਮ ਤੇ ਫੀਡ ਪਹੁੰਚਾਉਣ ਦਾ ਕਿਰਾਇਆ ਲੈਣਗੇ, ਮੱਕੀ ਦਾ ਦਾਣਾ ਵੱਡਾ, ਸੁਸਰੀ ਅਤੇ ਉੱਲੀ ਰਹਿਤ ਹੋਣਾ ਚਾਹੀਦਾ ਹੈ । ਇਸ ਵਿੱਚ ਨਮੀਂ ਦਾ ਪਤਾ ਚੱਬ ਕੇ ਚਲ ਜਾਂਦਾ ਹੈ । ਖਲ੍ਹਾਂ ਗਾਹੜੇ ਭੂਰੇ ਰੰਗ ਦੀਆਂ ਚਾਹੀਦੀਆਂ ਹਨ । ਪਾਪੜੀ ਖੱਲ ਦੋ ਉਂਗਲਾਂ ਵਿੱਚ ਰੱਖ ਕੇ ਅੰਗੂਠੇ ਨਾਲ ਆਸਾਨੀ ਨਾਲ ਟੁੱਟਣੀ ਚਾਹੀਦੀ ਹੈ । ਜਿੰਨੀਆਂ ਵੀ ਬਗੈਰ ਤੇਲ ਵਾਲੀਆਂ ਖਲ੍ਹਾਂ ਹੋਣ, ਉਨ੍ਹਾਂ ਵਿੱਚ ਰੇਤੇ ਦੀ, ਛਿੱਲਕੇ ਦੀ ਮਿਲਾਵਟ ਨਾ ਹੋਵੇ । ਚੂਰੀਆਂ ਵਿੱਚ ਵੀ ਛਿਲਕਿਆਂ ਦੀ ਮਿਲਾਵਟ ਨਾ ਹੋਵੇ । ਬਿਨੌਲਾ ਖਲ੍ਹ ਨੂੰ ਤੋੜਨ ਤੇ ਆਸਾਨੀ ਨਾਲ ਟੁੱਟ ਜਾਏ ਅਤੇ ਟੁੱਟਦਿਆਂ ਵਿਚਾਲੋਂ ਰੇਸ਼ੇ ਦਿਖਦੇ ਹੋਣ । ਪਾਲਿਸ਼ ਵਿੱਚ ਵੀ ਕੋਈ ਕਿਰਕੀ ਨਾ ਹੋਵੇ । ਪਾਲਿਸ਼ ਨੂੰ ਹਥੇਲੀ ਵਿੱਚ ਦਬਾਉਣ ਤੇ ਉਂਗਲਾਂ ਛੱਪਣ । ਜੇ ਰੇਟ ਫੀਡ ਫੈਕਟਰੀ ਨੇ ਆਪਣੀ ਮਰਜ਼ੀ ਦਾ ਲਾਉਣਾ ਹੈ ਤਾਂ ਕੁਆਲਿਟੀ ਤੁਹਾਡੀ ਮਰਜ਼ੀ ਦੀ ਹੋਣੀ ਚਾਹੀਦੀ ਹੈ । ਜੇ ਭਾਅ ਕਰਕੇ ਕੁਆਲਿਟੀ ਨੂੰ ਨਜ਼ਰ ਅੰਦਾਜ਼ ਕਰੋਗੇ ਤਾਂ ਲਵੇਰਿਆਂ ਨੇ ਆਪੇ ਹੀ 10-15 ਦਿਨਾਂ ਬਾਅਦ ਦੁੱਧ ਘਟਾ ਦੇਣਾ ਹੈ ।

ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜੋ ਜਿਣਸਾਂ ਫਾਰਮੂਲੇ ਵਿੱਚ ਲਿਖੀਆਂ ਹਨ, ਉਹ ਫੀਡ ਮਿੱਲ ਤੇ ਉਪਲੱਬਧ ਹੋਣ । ਮੱਕੀ ਦਾ ਗਲੂਟਨ, ਫੁਲ ਫੈਟ ਦਾ ਸੋਇਆ, ਬਿਨ੍ਹਾਂ ਰੂੰ ਦੇ ਸਾਬਤ ਵੜੇਵੇਂ ਹਰ ਫੀਡ ਮਿੱਲ 'ਚ ਨਹੀਂ ਮਿਲਦੇ । ਇਸੇ ਤਰ੍ਹਾਂ ਕਈਂ ਦਵਾਈਆਂ ਜਿਵੇਂ ਕਿ ਯੀਸਟ, ਚੀਲੇਟਡ ਧਾਤਾਂ, ਟਾਕਸੀਨ ਬਾਂਈਂਡਰ, ਵਿਟਾਮਿਨ ਆਦਿ ਵੀ ਹਰ ਫੀਡ ਮਿੱਲ ਤੇ ਨਹੀਂ ਮਿਲਦੇ । ਮੌਕੇ ਤੇ ਫਾਰਮੂਲੇ ਵਿੱਚ ਹੇਰ ਫੇਰ ਕਰਨ ਤੇ ਕੋਈ ਨੁਕਸਾਨ ਹੋ ਸਕਦਾ ਹੈ । ਅੱਜ ਕੱਲ੍ਹ ਬਾਜ਼ਾਰ ਵਿੱਚ ਕਈਂ ਕਿਸਮ ਦੇ ਬਫਰ ਆਦਿ ਮਿਲਦੇ ਹਨ । ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਨ੍ਹਾਂ ਵਿਚਲੇ ਮਿਆਰ, ਕੁਆਲਿਟੀ, ਕਿੰਨੀ ਮਾਤਰਾ ਵਿੱਚ ਪਾਉਣਾ



ਹੈ; ਚੰਗੀ ਤਰ੍ਹਾਂ ਪੜ੍ਹ ਲਉ, ਵਿਚਾਰ ਕਰੋ ਜਾਂ ਸਲਾਹ ਲਵੋ । ਇਨ੍ਹਾਂ ਦੀ ਵਰਤੋਂ ਕਰਨ ਦੀ ਤਾਰੀਖ (Expiry Date) ਅਤੇ ਕੀਮਤ ਦਾ ਵੀ ਧਿਆਨ ਰੱਖੋ । ਹਰ ਇਕ ਕੰਪਨੀ ਦੇ ਪਦਾਰਥਾਂ ਦੀ ਬਣਤਰ ਦੂਜੀ ਕੰਪਨੀ ਨਾਲ ਮੇਲ ਨਹੀਂ ਖਾਂਦੀ ਅਤੇ ਸੁਭਾਵਿਕ ਹੈ ਕਿ ਇਨ੍ਹਾਂ ਪਦਾਰਥਾਂ ਦੀ ਵਰਤੋਂ ਯੋਗ ਮਾਤਰਾ ਵੀ ਅਲੱਗ ਹੋਵੇਗੀ । ਹੋ ਸਕੇ ਤਾਂ ਨਮਕ ਆਇਓਡਾਇਜ਼ਡ ਹੀ ਵਰਤੋ, ਤਾਂ ਕਿ ਜਾਨਵਰ ਵਕਤ ਸਿਰ ਹੇਹੇ ਵਿੱਚ ਆਏ ਅਤੇ ਆਇਓਡੀਨ ਦੇ ਟੀਕੇ ਨਾ ਲੁਆਣੇ ਪੈਣ । ਥੋੜ੍ਹੀ ਮਾਤਰਾ ਵਿੱਚ ਪੈਣ ਵਾਲੇ ਪਦਾਰਥ ਸਿੱਧੇ ਮਿਕਸਚਰ 'ਚ ਨਹੀਂ ਪਾਉਣੇ ਚਾਹੀਦੇ । ਮੱਕੀ ਜਾਂ ਪਾਲਿਸ਼ ਆਦਿ 8-10 ਕਿਲੋ ਲੈ ਕੇ ਉਸ ਵਿੱਚ ਸਾਰੇ ਲੋੜੀਂਦੇ ਸੂਖਮ ਪਦਾਰਥ ਰਲਾ ਕੇ ਮਿਕਸਚਰ ਵਿਚ ਪਾਏ ਜਾਣੇ ਚਾਹੀਦੇ ਹਨ । ਇਸ ਵਿਧੀ ਨੂੰ ਅੰਗਰੇਜ਼ੀ ਵਿੱਚ ਪ੍ਰੀਮਿਕਸ (Premix) ਕਿਹਾ ਜਾਂਦਾ ਹੈ । ਟਾਕਸਿਨ ਬਾਂਈਡਰ ਨੂੰ ਅਲੱਗ ਤੋਂ ਮਿਲਾਉਣਾ ਚਾਹੀਦਾ ਹੈ । ਸ਼ੀਰਾ ਵੀ ਸਾਰੇ ਦਾ ਸਾਰਾ ਇੱਕੋ ਵੇਲੇ ਨਹੀਂ ਪਾਉਣਾ ਚਾਹੀਦਾ । ਜਦੋਂ ਤੁਹਾਡੀ ਫੀਡ ਰਲਾਈ ਜਾ ਰਹੀ ਹੁੰਦੀ ਹੈ ਤਾਂ ਲੋੜੀਂਦੀ ਮਾਤਰਾ ਹੌਲੀ-ਹੌਲੀ ਲਗਾਤਾਰ ਰਲਾਉਣੀ ਚਾਹੀਦੀ ਹੈ । ਧਿਆਨ ਰੱਖੋ ! ਜਦੋਂ ਵੀ ਕੋਈ ਆਖੀਰਲੀ ਜਿਣਸ ਮਿਕਸਚਰ ਵਿੱਚ ਪੈਂਦੀ ਹੈ ਤਾਂ ਉਸ ਤੋਂ ਬਾਅਦ ਮਿਕਸਚਰ 7-8 ਮਿੰਟ ਚੱਲਣਾ ਚਾਹੀਦਾ ਹੈ । ਇਸ ਤਰ੍ਹਾਂ ਕਰਨ ਨਾਲ ਸਾਰੀਆਂ ਜਿਣਸਾਂ ਚੰਗੀ ਤਰ੍ਹਾਂ ਰਲ ਜਾਣਗੀਆਂ । ਪਰ ਅਕਸਰ ਦੇਖਿਆ ਗਿਆ ਹੈ ਕਿ ਉੱਪਰੋਂ ਆਖੀਰਲੀ ਜਿਣਸ ਪੈ ਰਹੀ ਹੁੰਦੀ ਹੈ ਅਤੇ ਥਲਿਉਂ ਭਈਆ ਜੀ ਬੋਰੀ ਲੈ ਕੇ ਖੜ੍ਹੇ ਹੁੰਦੇ ਹਨ ।

ਜਿਹੜੀਆਂ ਖਾਲੀ ਬੋਰੀਆਂ ਤੁਸੀਂ ਆਪਣੀਆਂ ਲੈ ਕੇ ਆਉਂਦੇ ਹੋ ਉਹ ਫੱਟੀਆਂ ਨਹੀਂ ਹੋਣੀਆਂ ਚਾਹੀਦੀਆਂ । ਬੋਰੀਆਂ ਨਮੀਂ, ਉੱਲ੍ਹੀ ਅਤੇ ਸੁਸਰੀ ਰਹਿਤ ਹੋਣੀਆਂ ਚਾਹੀਦੀਆਂ ਹਨ । ਇਨ੍ਹਾਂ ਨੂੰ ਧੁੱਪੇ ਚੰਗੀ ਤਰ੍ਹਾਂ ਸੁਕਾ ਕੇ ਲਿਆਉਣਾ ਚਾਹੀਦਾ ਹੈ । ਟਾਟ ਦੀਆਂ ਬੋਰੀਆਂ ਮਹਿੰਗੀਆਂ ਹੋਣ ਦੇ ਨਾਲ-ਨਾਲ ਜ਼ਿਆਦਾਤਰ ਫੀਡ ਮਿਲ ਤੇ ਚੌਲਾਂ ਦੇ ਡੀ. ਉ. ਸੀ. ਦੀਆਂ ਹੁੰਦੀਆਂ ਹਨ । ਇਨ੍ਹਾਂ ਵਿੱਚ ਉੱਲ੍ਹੀ ਅਤੇ ਸੁਸਰੀ ਦਾ ਖਤਰਾ ਬਣਿਆ ਰਹਿੰਦਾ ਹੈ । ਅੱਜ, ਇਕ ਖਾਲੀ ਬੋਰੀ ਦੀ ਕੀਮਤ 18-20 ਰੁਪਏ ਹੈ, ਇਨ੍ਹਾਂ ਨੂੰ ਸੰਭਾਲ ਕੇ ਰੱਖੋ । ਬੋਰੀਆਂ ਨੂੰ ਦੀਵਾਰਾਂ ਤੋਂ ਦੂਰ ਅਤੇ ਲੱਕੜਾਂ ਦੇ ਕਰੇਟਾਂ ਤੇ ਰੱਖੋ ਤਾਂ ਕਿ ਉੱਲ੍ਹੀ ਨਾ ਆਏ ਤੇ ਹਵਾ ਦਾ ਨਿਕਾਸ ਠੀਕ ਰਹੇ । ਅਕਸਰ ਅਸੀਂ ਪੁਰਾਣੀ ਫੀਡ ਦੇ ਖਤਮ ਹੋਣ ਦਾ ਇੰਤਜ਼ਾਰ ਕਰਦੇ ਹਾਂ ਅਤੇ ਅਚਾਨਕ ਨਵੀਂ ਫੀਡ ਸ਼ੁਰੂ ਕਰ ਦਿੰਦੇ ਹਾਂ । ਇਸ ਤਰ੍ਹਾਂ ਕਰਨ ਨਾਲ ਕਈਂ ਵਾਰ ਲਵੇਰੇ ਵੰਡ ਨਹੀਂ ਖਾਂਦੇ । ਪੁਰਾਣੀ ਫੀਡ ਦੇ ਖਤਮ ਹੋਣ ਤੋਂ 3-4 ਦਿਨ ਪਹਿਲਾਂ ਨਵੀਂ ਫੀਡ ਬਣ ਜਾਣੀ ਚਾਹੀਦੀ ਹੈ । ਨਵੀਂ ਫੀਡ ਦੀ ਮਾਤਰਾ ਇਕ ਤਿਹਾਈ ਤੇ ਪੁਰਾਣੀ ਫੀਡ ਦੀ ਮਾਤਰਾ ਦੋ ਤਿਹਾਈ ਤੋਂ ਸ਼ੁਰੂ ਕਰਕੇ 3-4 ਦਿਨ ਬਾਅਦ ਪੁਰਾਣੀ ਫੀਡ ਖਤਮ ਹੋਣ ਤੇ ਨਵੀਂ ਸਾਰੀ ਦੀ ਸਾਰੀ ਵਰਤੋਂ. ਵਿੱਚ ਲਿਆਉਣੀ ਚਾਹੀਦੀ ਹੈ । ਕਈਂ ਵਾਰ ਫਾਰਮੂਲੇ ਵਿੱਚ ਨਵੀਂ ਜਿਣਸ ਆ ਗਈ, ਕੋਈ ਖਰਾਬ ਆ ਗਈ, ਆਨਾਜ ਵੱਧ ਘੱਟ ਗਿਆ ਤਾਂ ਅਕਸਰ ਲਵੇਰੇ ਵੰਡ ਛੱਡ ਦਿੰਦੇ ਹਨ । ਇਸੇ ਤਰ੍ਹਾਂ ਜੇ ਸਰ੍ਹੋਂ ਖੱਲ ਜ਼ਿਆਦਾ ਹੋ ਜਾਏ ; ਗੁਆਰ ਕੋਰਮੇ ਤੇ ਲਵੇਰੇ ਗਿੱਝੇ ਨਹੀਂ ; ਬਾਈਪਾਸ ਫੈਟ, ਰਾਈਸ ਪਾਲਿਸ਼ ਅਤੇ ਸ਼ੀਰੇ ਦੀ ਕੁਆਲਿਟੀ ਸਹੀ ਨਹੀਂ ਤਾਂ ਵੀ ਖਾਣ ਦੀ ਸਮੱਸਿਆ ਆ ਸਕਦੀ ਹੈ । ਯੂਰੀਏ ਵਾਲੀ ਫੀਡ ਨੂੰ ਜੇ ਗਿੱਲ੍ਹਾ ਕਰਕੇ ਪਾਇਆ ਤਾਂ ਵੀ ਲਵੇਰੇ ਫੀਡ ਨਹੀਂ ਖਾਣਗੇ ।

ਕਈਂ ਪਸ਼ੂ ਪਾਲਕ ਫੀਡ ਨਿਰਮਾਤਾ ਨੂੰ ਫੋਨ ਤੇ ਹੀ ਆਪਣਾ ਫਾਰਮੂਲਾ ਲਿਖਾ ਦੇਂਦੇ ਹਨ । ਹਮੇਸ਼ਾਂ ਆਪਣੇ ਸਾਹਮਣੇ ਫੀਡ ਬਣਵਾਉ । ਫੀਡ ਬਣਾਉਣ ਵੇਲੇ ਹੋ ਰਹੇ ਧੋਖਿਆਂ ਤੋਂ ਬਚੋ । ਮੱਕੀ ਆਮ ਤੌਰ ਤੇ ਪੀਸੀ ਪੀਸਾਈ ਮਿਲਦੀ ਹੈ । ਸਾਬਤ ਮੱਕੀ ਦੀ ਇੱਕ ਬੁੱਕ ਵਿੱਚੋਂ ਜੇ ਇਕ ਦਾਣਾ ਵੀ ਕਾਲਾ ਹੈ ਉਸ ਬੋਰੀ ਵਿੱਚ ਕਿੰਨ੍ਹੇ ਦਾਣੇ ਕਾਲੇ ਹੋ ਸਕਦੇ ਹਨ ਅਤੇ ਤੁਸੀਂ ਕਿੰਨੀਆਂ ਬੋਰੀਆਂ ਮੱਕੀ ਦੀਆਂ ਵਰਤਣੀਆਂ ਹਨ । ਆਪਣੇ ਸਾਹਮਣੇ ਦਾਣਿਆਂ ਨੂੰ ਪਿਸਾਉ । ਸਾਬਤ ਦਾਣਿਆਂ ਤੋਂ ਹੀ ਸੁਸਰੀ, ਨਮੀਂ ਦਾ ਪਤਾ ਲਾਇਆ ਜਾ ਸਕਦਾ ਹੈ । ਬਿਨ੍ਹਾਂ ਤੇਲ ਰਾਈਸ ਬਰਾਨ ਦੀ ਥਾਂ ਫੱਕ ਪਾਈ ਜਾਂਦੀ ਹੈ । ਡੁਪਲੀਕੇਟ ਖੱਲ੍ਹਾਂ ਦੀ ਵਰਤੋਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ । ਪਿਸਾਈ ਠੀਕ ਢੰਗ ਨਾਲ ਹੋਣੀ ਚਾਹੀਦੀ ਹੈ । ਆਨਾਜਾਂ ਦਾ ਆਕਾਰ 3-4 ਮਿ. ਮੀ. ਦਾ ਹੋਣਾ ਚਾਹੀਦਾ ਹੈ । ਜੇ ਫੀਡ ਵਿਚਲਾ ਮੱਕੀ ਦਾ ਦਾਣਾ ਹਥੇਲੀ ਤੇ ਰੱਖਿਆ ਦਿਸਦਾ ਹੈ ਤਾਂ ਜਾਲੀਆਂ ਵਿੱਚ ਫਸਦੀ ਹੈ । ਇਸੇ ਕਰਕੇ ਬਹੁਤੇ ਫੀਡ ਨਿਰਮਾਤਾਵਾਂ ਨੇ ਅਲੱਗ ਤੋਂ ਚੱਕੀਆਂ ਲਾਈਆਂ ਹੋਈਆਂ ਹਨ । ਖੱਲ੍ਹਾਂ ਆਦਿ ਦੀ ਪਿਸਾਈ 5-6 ਮਿ. ਮੀ. ਦੇ ਆਕਾਰ ਦੀ ਹੋ ਸਕਦੀ ਹੈ । ਇਸੇ ਤਰ੍ਹਾਂ ਸਾਬਤ ਵੜੇਵਿਆਂ ਨੂੰ ਭਿਉਣ ਦੀ ਥਾਂ ਜੇ ਥੋੜ੍ਹਾ ਦਰੜ (ਤੋੜ) ਲਿਆ ਜਾਏ ਤਾਂ ਬਹੁਤ ਗੁਣਕਾਰੀ ਹੋਏਗਾ । ਅੱਜ ਕੱਲ੍ਹ ਫੁਲ ਫੈਟ ਸੋਇਆ ਵਿੱਚ ਗੁਆਰ ਕੋਰਮਾ, ਮੱਕੀ ਦਾ ਗਲੂਟਨ ਦੀ ਰਲਾ ਕੇ ਵੇਚਿਆ ਜਾਂਦਾ ਹੈ । ਮੁੰਗਫਲੀ ਦੀ ਖਲ੍ਹ ਤੇ ਯੂਰੀਆ, ਫਾਰਮਲਿਨ ਦਾ ਸਪਰੇਅ ਕੀਤਾ ਜਾਂਦਾ ਹੈ ।

ਫੀਡ ਮਿੱਲਾਂ ਤੇ ਬਹੁਤੇ ਮਿਕਸਚਰ 10 ਕੁਇੰਟਲ ਦੀ ਸਮਰੱਥਾ ਰੱਖਦੇ ਹਨ । ਉਨ੍ਹਾਂ ਨੂੰ ਸਾਰੇ ਦਾ ਸਾਰਾ ਨਹੀਂ ਭਰਨਾ । ਵਧੀਆ ਫੀਡ ਰਲਾਉਣ ਲਈ ਇਕ ਘਣ 8 ਕੁਇੰਟਲ ਦਾ ਬਣਾਉ । ਜੋ ਵੱਖ-ਵੱਖ ਸ਼੍ਰੇਣੀਆਂ ਲਈ ਫੀਡ ਡਰਾਈ ਫੀਡ ਆਦਿ ਬਣਾਉ । ਆਪਣੀ ਫੀਡ ਬਣਾਉਣ ਤੋਂ ਪਹਿਲਾਂ ਇਹ ਯਕੀਨੀ ਬਣਾਉ ਕਿ ਮਿਕਸਚਰ ਵਿੱਚ ਪਹਿਲਾਂ ਤੋਂ ਕੋਈ ਫੀਡ ਤਾਂ ਨਹੀਂ ਹੈ । ਹੋ ਸਕਦਾ ਹੈ ਕਿ ਪਿਛਲੇ ਪਸ਼ੂ ਪਾਲਕ ਨੇ ਯੂਰੀਆ ਆਦਿ ਵਰਤਿਆ ਹੋਵੇ ਤਾਂ ਉਸਦਾ ਅਸਰ ਤੁਹਾਡੇ ਘਣ ਤੇ ਆ ਸਕਦਾ ਹੈ । ਸਵੇਰੇ ਸਭ ਤੋਂ ਪਹਿਲਾਂ ਫੀਡ ਨਾ ਬਣਵਾਉ । ਹਰ ਫੀਡ ਨਿਰਮਾਤਾ ਨੇ ਸਵੇਰੇ ਆਪਣੀ ਫੀਡ ਮਿਲ ਦੀ ਸਾਫ-ਸਫਾਈ ਕਰਨੀ ਹੁੰਦੀ ਹੈ ਅਤੇ ਉਹ ਸਾਰਾ ਗੰਦ ਕਿੱਥੇ ਜਾਣਾ ਹੈ, ਤੁਸੀਂ ਆਪ ਹੀ ਸਿਆਣੇ ਹੋ । ਆਪਣੇ ਲਵੇਰਿਆਂ ਤੋਂ ਵੱਧ ਪੈਦਾਵਾਰ ਲੈਣ ਉਨ੍ਹਾਂ ਦੀਆਂ ਖੁਰਾਕੀ ਜ਼ਰੂਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ । ਲੋੜ ਤੋਂ ਘੱਟ ਤੱਤ ਨਾਲ ਘਾਟ ਤਾਂ ਆਉਂਦੀ ਹੈ, ਪਰ ਜੇ ਲੋੜ ਤੋਂ ਵੱਧ ਖੁਰਾਕੀ ਤੱਤ ਪਾਏ ਜਾਣ ਤਾਂ ਵੀ ਜਾਨਵਰ ਦੀ ਸਿਹਤ ਖਰਾਬ ਹੁੰਦੀ ਹੈ ਅਤੇ ਮਾਲੀ ਨੁਕਸਾਨ ਅਲੱਗ । ਜੇ ਕੋਈ ਲਵੇਰੀ ਆਨਾਜ ਜਾਂ ਵੰਡ ਵੱਧ ਖਾ ਗਈ ਤਾਂ ਤੇਜ਼ਾਬੀਪਣ ਦੀ ਸਮੱਸਿਆ ਹੋ ਸਕਦੀ ਹੈ । ਜੇ ਖੱਲ ਵੱਧ ਜਾਏ ਤਾਂ ਖਾਰੇਪਨ ਦੀ ਮੁਸ਼ਕਲ ਹੋ ਸਕਦੀ ਹੈ । ਜੇ ਤੂੜੀ ਵੱਧ ਪੈ ਜਾਏ ਤਾਂ ਬੰਨ੍ਹ ਪੈ ਸਕਦਾ ਹੈ । ਰਾਈਸ ਪਾਲਿਸ਼ ਵੱਧ ਜਾਣ ਨਾਲ ਫੈਟ ਵੱਧ ਘੱਟ ਸਕਦੀ ਹੈ । ਪੀਪੀਆਂ ਜ਼ਿਆਦਾ ਪੀਆਉਣ ਨਾਲ ਕਈਂ ਸੂਖਮ ਧਾਤਾਂ ਦੀ ਕਮੀਂ ਹੋ ਸਕਦੀ ਹੈ । ਧਾਤਾਂ ਦੇ ਚੂਰੇ ਵੱਧ ਖੁਆਉਣ ਨਾਲ ਕਈਂ ਸੂਖਮ ਧਾਤਾਂ ਦੀ ਕਮੀਂ ਹੋ ਸਕਦੀ ਹੈ, ਕਿਉਂਕਿ ਸਾਰੀਆਂ ਧਾਤਾਂ ਦੀਆਂ ਖਾਸ ਲੋੜਾਂ ਹਨ ਅਤੇ ਧਾਤਾਂ ਦੀ ਆਪਸੀ ਅਨੁਪਾਤ ਬਹੁਤ ਮਹੱਤਵਪੂਰਨ ਹੁੰਦੀ ਹੈ ।

ਪਸ਼ੂ ਪਾਲਕੋ ! ਸਭ ਤੋਂ ਪਹਿਲਾਂ ਤੁਸੀਂ ਆਪਣੀ ਸਹੂਲਤ ਦੇਖਣੀ ਹੈ । ਜੇ ਲਵੇਰੇ ਆਸ ਮੁਤਾਬਕ ਦੁੱਧ ਦੇ ਰਹੇ ਹਨ, ਉਨ੍ਹਾਂ ਦੀ ਫੈਟ/ਗਰੈਵਿਟੀ ਤਸੱਲੀਬਖਸ਼ ਹੈ, ਕੋਈ ਖਾਸ ਪ੍ਰਜਨਣ ਸਮੱਸਿਆ, ਲੇਵੇ ਦੀ ਸੋਜ਼ ਆਦਿ ਨਹੀਂ ਹੈ ਅਤੇ ਤੁਸੀਂ ਬਾਜ਼ਾਰੀ ਫੀਡ ਵਰਤ ਰਹੇ ਹੋ ਤਾਂ ਅਸੀਂ ਕਹਿ ਸਕਦੇ ਹਾਂ ਕਿ ਹੋਰ ਕੀ ਚਾਹੀਦਾ ਹੈ । ਵਧੀਆ, ਗੁਣਕਾਰੀ ਫੀਡ ਸਦਕਾ ਕਈ ਧੋਖਿਆਂ ਤੋਂ ਬਚ ਸਕਦੇ ਹੋ । ਪਰ ਜੇ ਬਾਜ਼ਾਰੀ ਫੀਡ ਦੇ ਨਾਲ-ਨਾਲ ਪਲਿਉਂ ਆਨਾਜ, ਖਲ੍ਹਾਂ, ਧਾਤਾਂ ਦੇ ਚੂਰੇ ਪਾਉਂਦੇ ਹੋ ਤਾਂ ਕੀ ਪਤਾ ਚਲੇ ਕਿ ਤੁਹਾਡੇ ਲਵੇਰੇ ਬਾਜ਼ਾਰੀ ਫੀਡ ਕਰਕੇ ਜਾਂ ਤੁਹਾਡੇ ਯਤਨਾਂ ਸਦਕਾ ਵੱਧ ਪੈਦਾਵਾਰ ਦੇ ਰਿਹਾ ਹੈ । ਜੇ ਆਨਾਜ/ਖਲ੍ਹਾਂ ਘਰ ਦੀਆਂ ਹੀ ਪਾਉਣੀਆਂ ਹਨ ਤਾਂ ਚੋਕਰ ਅਤੇ ਧਾਤਾਂ ਦੇ ਚੂਰੇ ਲੈ ਕੇ ਆਪਣੀ ਫੀਡ ਆਪ ਹੀ ਘਰੇ ਤਿਆਰ ਕਰੋ, ਇਹ ਬਾਜ਼ਾਰੀ ਨਜ਼ਰਬਟੂ ਕਿਉਂ ? ਜਿਣਸਾਂ ਦੇ ਭਾਵ ਬਦਲਣ ਨਾਲ, ਇਕ ਫੀਡ ਨਿਰਮਾਤਾ ਆਪਣੀ ਮਸ਼ਹੂਰੀ ਤੇ ਤੁਹਾਥੋਂ ਡਰਦਾ, ਆਪਣੀ ਫੀਡ ਦਾ ਰੇਟ ਤਾਂ ਨਹੀਂ ਵਧਾਉਂਦਾ, ਪਰ ਉਹ ਆਪਣੇ ਫਾਰਮੂਲੇ ਵਿੱਚ ਫੇਰ ਬਦਲ ਜ਼ਰੂਰ ਕਰ ਦਿੰਦਾ ਹੈ । ਜਿਸ ਦਾ ਨਤੀਜਾ 1-2 ਮਹੀਨੇ ਬਾਅਦ ਸਾਹਮਣੇ ਆ ਹੀ ਜਾਂਦਾ ਹੈ । ਪਰ ਜੇ ਤੁਸੀਂ ਆਪਣਾ ਫਾਰਮੂਲਾ ਦੇ ਕੇ ਫੀਡ ਬਣਾਉਂਦੇ ਹੋ ਤਾਂ ਤੁਹਾਨੂੰ ਮੌਸਮ, ਜਿਣਸਾਂ ਦੀ ਉਪਲੱਬਧਤਾ ਤੇ ਨਵਾਂ ਰੇਟ ਲੱਗਦਾ ਹੈ । ਜਿਣਸਾਂ ਦੇ ਮਿਆਰ, ਉਨ੍ਹਾਂ ਦੀ ਪਿਸਾਈ, ਰਲਾਈ ਦਾ ਧਿਆਨ ਤੁਸੀਂ ਰੱਖਣਾ ਹੈ । ਤੁਹਾਨੂੰ ਕਿਸੇ ਨਾ ਕਿਸੇ ਪਹਿਲੂ ਤੇ ਧੋਖਾ ਹੋ ਸਕਦਾ ਹੈ, ਸੁਚੇਤ ਰਹੋ !



# ਕੀਟਨਾਸ਼ਕ ਜ਼ਹਿਰਾਂ ਦੀ ਸੁਰੱਖਿਅਤ ਵਰਤੋਂ

**ਕੀਟਨਾਸ਼ਕ ਜਿੱਥੇ ਫਸਲਾਂ ਨੂੰ ਕੀੜਿਆਂ ਤੋਂ ਬਚਾਉਣ 'ਚ ਸਹਾਈ ਹੁੰਦੇ ਹਨ ਉੱਥੇ ਇਨ੍ਹਾਂ ਦੀ ਵਰਤੋਂ ਜੇ ਸਾਵਧਾਨੀ ਨਾਲ ਨਾ ਕੀਤੀ ਜਾਵੇ ਤਾਂ ਇਹ ਜੀਵਾਂ ਅਤੇ ਮਨੁੱਖ ਲਈ ਖਤਰਨਾਕ ਸਿੱਧ ਹੋ ਸਕਦੀਆਂ ਹਨ। ਇਨ੍ਹਾਂ ਦੀ ਵਰਤੋਂ ਸਮੇਂ ਕੀਤੀ ਗਈ ਲਾਪ੍ਰਵਾਹੀ, ਸਹੀ ਢੰਗ ਨਾਲ ਕੀਟਨਾਸ਼ਕ ਨੂੰ ਭੰਡਾਰ ਨਾ ਕਰਨਾ ਅਤੇ ਵਰਤੋਂ ਸਮੇਂ ਸੁਰੱਖਿਆ ਦੇ ਉਪਾਅ ਨਾ ਕੀਤੇ ਜਾਣ ਕਰਕੇ ਇਹ ਘਾਤਕ ਸਿੱਧ ਹੋ ਸਕਦੇ ਹਨ।**

**ਲੇਬਲ ਨੂੰ ਜ਼ਰੂਰ ਪੜ੍ਹੋ** : ਕੀਟਨਾਸ਼ਕਾਂ ਦੀ ਵਰਤੋਂ ਤੋਂ ਪਹਿਲਾਂ ਡੱਬੇ ਦੇ ਲੇਬਲ ਉਪਰ ਲਿਖੀਆਂ ਸਾਵਧਾਨੀਆਂ ਨੂੰ ਧਿਆਨ ਨਾਲ ਪੜ੍ਹੋ ਅਤੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰੋ। ਪੈਕੇਟ ਜਾਂ ਡੱਬੇ ਉੱਪਰ ਲੇਬਲ ਸਿਫਾਰਸ਼ ਕੀਤੇ ਗਏ ਤਰੀਕੇ ਅਨੁਸਾਰ ਚਿਪਕਾਏ ਹੋਣੇ ਚਾਹੀਦੇ ਹਨ। ਇਨ੍ਹਾਂ ਉੱਪਰ ਸਿਫਰਿਸ਼ਾਂ ਨਾ ਮਿਟਣ ਵਾਲੀ ਸਿਆਹੀ ਨਾਲ ਲਿਖੀਆਂ ਹੋਣੀਆਂ ਚਾਹੀਦੀਆਂ ਹਨ। ਇਹ ਸਿਫਾਰਸ਼ਾਂ ਕਨਟੇਨਰ ਅਤੇ ਜਿਸ ਡੱਬੇ ਵਿੱਚ ਇਹ ਕਨਟੇਨਰ ਰੱਖਿਆ ਗਿਆ ਹੋਵੇ, ਉਸ ਉੱਪਰ ਵੀ ਛਪੀਆਂ ਹੋਣੀਆਂ ਲਾਜ਼ਮੀ ਹਨ।

**ਕੀਟਨਾਸ਼ਕ ਦਾ ਲੇਬਲ** : ਜੇ ਕੀਟਨਾਸ਼ਕ ਵਾਲੇ ਡੱਬੇ ਉੱਪਰ ਲਾਲ ਰੰਗ ਦੀ ਤਿਕੋਣ ਹੋਵੇ ਅਤੇ ਨਾਲ ਹੀ ਕਰਾਸ ਦੀ ਸ਼ਕਲ 'ਚ ਦੋ ਹੱਡੀਆਂ ਅਤੇ ਉਨ੍ਹਾਂ ਉੱਪਰ ਖੋਪੜੀ ਦਾ ਚਿੰਨ੍ਹ ਅੰਕਿਤ ਹੋਵੇ ਤਾਂ ਇਸ ਦਾ ਅਰਥ ਹੈ ਕਿ ਇਹ ਬੇਹੱਦ ਘਾਤਕ ਜ਼ਹਿਰ ਹੈ ਅਤੇ ਇਸ ਦੀ ਅਸੁਰੱਖਿਅਤ ਵਰਤੋਂ ਜਾਨਲੇਵਾ ਸਿੱਧ ਹੋ ਸਕਦੀ ਹੈ। ਪੀਲੀ ਤਿਕੋਨ ਵਾਲੇ ਕੀਟਨਾਸ਼ਕ ਵੀ ਕਾਫੀ ਜ਼ਹਿਰੀਲੇ ਅਤੇ ਮਾਰੂ ਅਸਰ ਵਾਲੇ ਹੁੰਦੇ ਹਨ। ਨੀਲੀ ਤਿਕੋਣ ਵਾਲੇ ਕੀਟਨਾਸ਼ਕਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਣਾ ਚਾਹੀਦਾ ਹੈ। ਅਜਿਹੇ ਕੀਟਨਾਸ਼ਕਾਂ ਨੂੰ ਜੇ ਗਲਤੀ ਨਾਲ ਨਿਗਲ ਲਿਆ ਜਾਵੇ ਤਾਂ ਜ਼ਹਿਰੀਲੇ ਲੱਛਣ ਵਿਖਾਈ ਦੇਣ ਉੱਪਰ ਫੌਰੀ ਤੌਰ ਤੇ ਡਾਕਟਰੀ ਮਦਦ ਲੈਣੀ ਚਾਹੀਦੀ ਹੈ। ਹਰੀ ਤਿਕੋਣ ਵਾਲੇ ਕੀਟਨਾਸ਼ਕ ਜ਼ਿਆਦਾ ਘਾਤਕ ਨਹੀਂ ਹੁੰਦੇ ਪਰ ਇਨ੍ਹਾਂ ਦੀ ਵਰਤੋਂ ਵੀ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ।

**ਫਾਰਮੂਲੇਸ਼ਨ ਦੀ ਚੋਣ** : ਕਿਸੇ ਕੀਟਨਾਸ਼ਕ ਦੀ ਚੋਣ ਵੀ ਕਾਫੀ ਮਹੱਤਵ ਰੱਖਦੀ ਹੈ। ਜੇਕਰ ਸਪਰੇਅ ਜਾਂ ਧੂੜੇ ਵਿਚੋਂ ਚੋਣ ਕਰਨੀ ਪਵੇ ਤਾਂ ਸਪਰੇਅ ਨੂੰ ਤਰਜ਼ੀਹ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਡਰਿਫਟ ਦੀ ਸਮੱਸਿਆ ਬਹੁਤ ਘੱਟ ਹੁੰਦੀ ਹੈ ਦਾਨੇਦਾਰ ਦਵਾਈਆਂ ਨਾਲ ਡਰਿਫਟ ਦੀ ਸਮੱਸਿਆ ਬਹੁਤ ਘੱਟ ਹੁੰਦੀ ਹੈ ਪਰ ਇਨ੍ਹਾਂ ਦੀ ਚੋਣ ਇਨ੍ਹਾਂ ਦੇ ਅਸਰ ਅਤੇ ਆਰਥਿਕਤਾ ਦੇ ਆਧਾਰ 'ਤੇ ਕਰਨੀ ਚਾਹੀਦੀ ਹੈ। ਤੇਲ ਵਿੱਚ ਘੁਲਣਸ਼ੀਲ ਫਾਰਮੂਲੇਸ਼ਨਜ਼ ਖਤਰਨਾਕ ਹਨ ਕਿਉਂਕਿ ਇਹ ਚਮੜੀ ਜ਼ਰੀਏ ਆਸਾਨੀ ਨਾਲ ਸਰੀਰ 'ਚ ਦਾਖਲ ਹੋ ਜਾਂਦੀਆਂ ਹਨ।

**ਕੀਟਨਾਸ਼ਕ ਦੀ ਖਰੀਦ** : ਕੀਟਨਾਸ਼ਕ ਦੀ ਖਰੀਦ ਕਿਸੇ ਭਰੋਸੇਯੋਗ ਅਦਾਰੇ ਵੱਲੋਂ ਕੀਤੀ ਗਈ ਸਿਫਾਰਸ਼ ਦੇ



ਆਧਾਰ 'ਤੇ ਹੀ ਕਰਨੀ ਚਾਹੀਦੀ ਹੈ। ਇਨ੍ਹਾਂ ਦੀ ਚੋਣ ਸਮੇਂ ਘੱਟ ਜ਼ਹਿਰੀਲੇ ਕੀਟਨਾਸ਼ਕਾਂ ਨੂੰ ਹੀ ਤਰਜ਼ੀਹ ਦੇਣੀ ਚਾਹੀਦੀ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਕੀਟਨਾਸ਼ਕ ਦਵਾਈ ਦੀ ਖਰੀਦ ਤੋਂ ਬਾਅਦ ਬਿੱਲ ਜ਼ਰੂਰ ਲੈਣ।

**ਪੈਕਿੰਗ** : ਕੀਟਨਾਸ਼ਕ ਦੀ ਪੈਕਿੰਗ ਅਜਿਹੀ ਹੋਈ ਹੋਵੇ ਕਿ ਇਕ ਵਾਰ ਖੋਲ੍ਹਣ ਤੋਂ ਬਾਅਦ ਸਾਰੀ ਦੀ ਸਾਰੀ ਵਰਤੀ ਜਾਵੇ। ਇਸ ਨਾਲ ਕੀਟਨਾਸ਼ਕ ਨੂੰ ਸਟੋਰ ਕਰਨ ਦੀ ਜ਼ਰੂਰਤ ਨਹੀਂ ਪਵੇਗੀ ਅਤੇ ਕੀਟਨਾਸ਼ਕ ਨੂੰ ਸਟੋਰ ਕਰਨ ਸਮੇਂ ਹੋਣ ਵਾਲੇ ਹਾਨੀਕਾਰਕ ਪ੍ਰਭਾਵ ਤੋਂ ਬਚਿਆ ਜਾ ਸਕੇਗਾ।

**ਕੀਟਨਾਸ਼ਕ ਨੂੰ ਸਟੋਰ ਕਰਨਾ** : ਕੀਟਨਾਸ਼ਕ ਨੂੰ ਲੇਬਲ ਲੱਗੇ ਡੱਬੇ ਵਿੱਚ ਰੱਖਣਾ ਚਾਹੀਦਾ ਹੈ ਤਾਂ ਜੋ ਦੁਬਾਰਾ ਵਰਤੋਂ ਸਮੇਂ ਕੋਈ ਭੁਲੇਖਾ ਨਾ ਰਹੇ। ਬਿਹਤਰ ਇਹੀ ਹੈ ਕਿ ਕੀਟਨਾਸ਼ਕ ਨੂੰ ਉਸ ਦੇ ਅਸਲੀ ਡੱਬੇ ਵਿੱਚ ਰੱਖ ਕੇ ਹੀ ਸਟੋਰ ਕੀਤਾ ਜਾਵੇ। ਡੱਬੇ ਨੂੰ ਸੁੱਕੀ ਜਗ੍ਹਾ ਅਤੇ ਅਲਮਾਰੀ ਵਿੱਚ ਤਾਲਾ ਲਗਾ ਕੇ ਰੱਖਣਾ ਜ਼ਿਆਦਾ ਸੁਰੱਖਿਅਤ ਹੋਵੇਗਾ ਤਾਂ ਕਿ ਇਹ ਬੱਚਿਆਂ ਅਤੇ ਗੈਰ ਜ਼ਿੰਮੇਦਾਰ ਵਿਅਕਤੀਆਂ ਦੀ ਪਹੁੰਚ ਤੋਂ ਦੂਰ ਰਹੇ। ਕੀਟਨਾਸ਼ਕਾਂ ਨੂੰ ਭੋਜਨ ਪਦਾਰਥਾਂ ਜਾਂ ਭੋਜਨ ਦੇ ਭੰਡਾਰਾਂ ਨਾਲ ਨਾ ਰੱਖਿਆ ਜਾਵੇ।

**ਪਾਣੀ ਅਤੇ ਸਾਬਣ ਦੀ ਮੌਜੂਦਗੀ** : ਕੀਟਨਾਸ਼ਕ ਦੀ ਵਰਤੋਂ ਵਾਲੀ ਜਗ੍ਹਾ 'ਤੇ ਸਾਬਣ, ਤੌਲੀਏ ਤੋਂ ਇਲਾਵਾ ਕਾਫੀ ਮਾਤਰਾ 'ਚ ਪਾਣੀ ਮੌਜੂਦ ਹੋਣਾ ਚਾਹੀਦਾ ਹੈ। ਸਰੀਰ ਉੱਪਰ ਡਿੱਗੇ ਕੀਟਨਾਸ਼ਕ ਨੂੰ ਖੁੱਲ੍ਹੇ ਪਾਣੀ ਨਾਲ ਧੋ ਕੇ ਸਾਫ ਕਰ ਲੈਣਾ ਚਾਹੀਦਾ ਹੈ।

**ਹਵਾ ਦੀ ਦਿਸ਼ਾ** : ਕੀਟਨਾਸ਼ਕ ਦਾ ਛਿੜਕਾਅ ਹਵਾ ਦੀ ਦਿਸ਼ਾ ਦੇ ਉਲਟ ਕਦੇ ਨਹੀਂ ਕਰਨਾ ਚਾਹੀਦਾ। ਹੌਲੀ ਗਤੀ ਵਿੱਚ ਹਵਾ ਵਗਣ 'ਤੇ ਕੀਟਨਾਸ਼ਕ ਦਾ ਛਿੜਕਾਅ ਵਧੀਆ ਹੁੰਦਾ ਹੈ ਪਰ ਜਦੋਂ ਹਵਾ ਦੀ ਗਤੀ 12-13 ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਜ਼ਿਆਦਾ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਨਾ ਕਰੋ ਕਿਉਂਕਿ ਇਸ ਨਾਲ ਡਰਿਫਟ ਦੀ ਸਮੱਸਿਆ ਹੋਵੇਗੀ। ਸਪਰੇਅ ਹਮੇਸ਼ਾ ਠੰਢੇ ਅਤੇ ਸ਼ਾਂਤ ਦਿਨ ਸਮੇਂ ਹੀ ਕਰਨੀ ਚਾਹੀਦੀ ਹੈ।

**ਖਾਲੀ ਡੱਬਿਆਂ ਅਤੇ ਬਚੇ ਹੋਏ ਘੋਲ ਨੂੰ ਨਸ਼ਟ ਕਰਨਾ** : ਕੀਟਨਾਸ਼ਕ ਦੇ ਖਾਲੀ ਡੱਬੇ ਅਤੇ ਬਚੇ ਹੋਏ ਘੋਲ ਨੂੰ ਵਰਤੋਂ ਉਪਰੰਤ ਨਸ਼ਟ ਕਰ ਦੇਵੋ। ਖਾਲੀ ਡੱਬੇ ਪਾਲਤੂ ਜਾਨਵਰਾਂ ਨੂੰ ਪਾਣੀ ਪਿਲਾਉਣ ਲਈ ਨਹੀਂ ਵਰਤਣੇ ਚਾਹੀਦੇ। ਇਨ੍ਹਾਂ ਡੱਬਿਆਂ ਨੂੰ ਤੋੜ-ਮਰੋੜ ਕੇ ਜ਼ਮੀਨ ਵਿੱਚ 45-50 ਸੈਂਟੀਮੀਟਰ ਡੂੰਘਾ ਦੱਬ ਦੇਣਾ ਚਾਹੀਦਾ ਹੈ। ਇਨ੍ਹਾਂ ਨੂੰ ਅਜਿਹੀ ਜਗ੍ਹਾ ਨਾ ਸੁੱਟੋ ਜਿੱਥੇ ਬੱਚੇ ਅਤੇ ਪਾਲਤੂ ਜਾਨਵਰ ਪਹੁੰਚ ਸਕਣ। ਬੱਚੇ ਇਨ੍ਹਾਂ ਖਾਲੀ ਡੱਬਿਆਂ ਨਾਲ ਖੇਡਦੇ ਸਮੇਂ ਕੀਟਨਾਸ਼ਕ ਦੇ ਜ਼ਹਿਰੀਲੇ ਪ੍ਰਭਾਵ ਹੇਠ ਆ ਸਕਦੇ ਹਨ। ਜੇ ਕੀਟਨਾਸ਼ਕ ਵਾਲਾ ਕਨਟੇਨਰ ਲੀਕ ਕਰਦਾ ਹੋਵੇ ਤਾਂ ਇਸ ਨੂੰ ਉਸੇ ਸਮੇਂ ਠੀਕ ਕਰ ਲਵੋ। ਪੱਕੇ ਫਰਸ਼ 'ਤੇ ਡਿੱਗੇ ਕੀਟਨਾਸ਼ਕ ਨੂੰ ਖੁੱਲ੍ਹੇ ਪਾਣੀ ਨਾਲ ਧੋ ਦੇਵੋ। ਫਰਸ਼ ਸਾਫ ਕਰਨ ਲਈ ਡਿਟਰਜੈਂਟ ਜਾਂ ਵਾਸ਼ਿੰਗ ਸੋਡੇ ਦੀ ਵਰਤੋਂ ਜ਼ਿਆਦਾ ਵਧੀਆ ਹੈ। ਵਰਤੋਂ ਉਪਰੰਤ ਬਚੇ ਹੋਏ ਘੋਲ ਅਤੇ ਫਰਸ਼ ਸਾਫ ਕਰਨ ਲਈ ਵਰਤੇ ਪਾਣੀ ਨੂੰ ਡੂੰਘਾ ਟੋਆ ਪੁੱਟ ਕੇ ਉਸ ਵਿੱਚ ਪਾ ਦੇਵੋ।

**ਸਾਵਧਾਨੀਆਂ** : ਸਿਫਾਰਸ਼ ਕੀਤੇ ਕੀਟਨਾਸ਼ਕਾਂ ਦੀ ਹੀ ਵਰਤੋਂ ਕਰੋ। ਸਿਫਾਰਸ਼ ਮਾਤਰਾ ਤੋਂ ਵੱਧ ਛਿੜਕਾਅ ਨਾ ਕਰੋ। ਸੰਵੇਦਨਸ਼ੀਲ ਫਸਲ 'ਤੇ ਕੀਟਨਾਸ਼ਕ ਦਾ ਛਿੜਕਾਅ ਠੰਢੇ ਅਤੇ ਬੱਦਲਵਾਈ ਵਾਲੇ ਮੌਸਮ ਵਿੱਚ ਹੀ ਕਰੋ। ਜਾਨਵਰਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਬਚੇ ਹੋਏ ਘੋਲ ਨੂੰ ਟੋਭੇ ਜਾਂ ਛੱਪੜ ਵਿੱਚ ਨਾ ਸੁੱਟੋ। ਸ਼ਹਿਦ ਦੀਆਂ ਮੱਖੀਆਂ ਪਰ-ਪਰਾਗਣ 'ਚ ਮਦਦਗਾਰ ਹਨ ਇਸ ਲਈ ਫਸਲ ਦੀ ਫੁੱਲ ਵਾਲੀ ਅਵਸਥਾ ਸਮੇਂ ਕੀਟਨਾਸ਼ਕ ਦੇ ਛਿੜਕਾਅ ਨਾਲ ਇਨ੍ਹਾਂ ਦੀ ਗਿਣਤੀ 'ਚ ਕਮੀਂ ਆ ਸਕਦੀ ਹੈ, ਜਿਸ ਨਾਲ ਸਰ੍ਹੋਂ ਜਾਤੀ ਦੀਆਂ ਫਸਲਾਂ, ਕੱਦੂ ਜਾਤੀ ਦੀਆਂ ਸਬਜ਼ੀਆਂ ਅਤੇ ਫਸਲਾਂ ਦਾ ਝਾੜ ਘੱਟ ਸਕਦਾ ਹੈ। ਸ਼ਹਿਦ ਦੀਆਂ ਮੱਖੀਆਂ ਨੂੰ ਬਚਾਉਣ ਲਈ ਸੁਰੱਖਿਅਤ ਸ਼੍ਰੇਣੀ ਦੇ ਕੀਟਨਾਸ਼ਕ ਹੀ ਵਰਤੋਂ। ਦਾਣੇਦਾਰ ਦਵਾਈਆਂ ਦੀ ਵਰਤੋਂ ਸ਼ਹਿਦ ਦੀਆਂ ਮੱਖੀਆਂ ਲਈ ਸੁਰੱਖਿਅਤ ਹੈ। ਫਸਲ ਉੱਪਰ ਉਸ ਸਮੇਂ ਛਿੜਕਾਅ ਕਰੋ ਜਦੋਂ ਫਸਲ ਸ਼ਹਿਦ ਦੀਆਂ ਮੱਖੀਆਂ ਨੂੰ ਆਕਰਸ਼ਿਤ ਕਰਨ ਵਾਲੀ ਅਵਸਥਾ 'ਚ ਹੋਵੇ। ਇਹ ਫਸਲ ਉੱਪਰ ਫੁੱਲ ਆਉਣ ਤੋਂ ਪਹਿਲਾਂ ਅਤੇ ਬਾਅਦ ਦੀ ਅਵਸਥਾ ਹੁੰਦੀ ਹੈ। ਸ਼ਹਿਦ ਦੀਆਂ ਮੱਖੀਆਂ ਦੇ ਬਚਾਅ ਲਈ ਛਿੜਕਾਅ ਦੇਰ ਸ਼ਾਮ ਵੇਲੇ ਜਾਂ ਦਿਨ ਸਮੇਂ ਜਦੋਂ ਬੱਦਲਵਾਈ ਹੋਵੇ, ਉਸ ਸਮੇਂ ਕਰੋ।

**ਘੋਲ ਬਣਾਉਣ ਵੇਲੇ ਸਾਵਧਾਨੀਆਂ** : ਕੀਟਨਾਸ਼ਕ ਦਾ ਘੋਲ ਤਿਆਰ ਕਰਨ ਵੇਲੇ ਵੀ ਕੁਝ ਅਹਿਮ ਸਾਵਧਾਨੀਆਂ ਨੂੰ ਜ਼ਰੂਰ ਧਿਆਨ ਵਿੱਚ ਰੱਖੋ।

★ **ਖੁੱਲ੍ਹੀ ਥਾਂ 'ਤੇ ਤਿਆਰ ਕਰੋ ਘੋਲ** : ਕੀਟਨਾਸ਼ਕ ਦਾ ਘੋਲ ਖੁੱਲ੍ਹੀ ਜਗ੍ਹਾ 'ਤੇ ਬਣਾਉਣਾ ਚਾਹੀਦਾ ਹੈ। ਬੰਦ ਜਗ੍ਹਾ 'ਚ ਇਹ ਸਾਹ ਜ਼ਰੀਏ ਸਰੀਰ ਅੰਦਰ ਜਾ ਸਕਦਾ ਹੈ।

★ **ਸਾਵਧਾਨੀ ਨਾਲ ਖੋਲ੍ਹੋ ਢੱਕਣ** : ਕੀਟਨਾਸ਼ਕ ਵਾਲੇ ਕੰਨਟੇਨਰ ਦਾ ਢੱਕਣ ਸਾਵਧਾਨੀ ਨਾਲ ਖੋਲ੍ਹੋ ਤਾਂ ਕਿ ਤਰਲ ਛਲਕ ਕੇ ਬਾਹਰ ਨਾ ਆਵੇ। ਡੱਬੇ ਦੇ ਢੱਕਣ 'ਤੇ ਲੱਗੀ ਟਿਨ ਦੀ ਸੀਲ ਖੋਲ੍ਹਣ ਲਈ ਵਰਤੇ ਗਏ ਚਾਕੂ, ਕੈਂਚੀ ਆਦਿ ਨੂੰ ਵੱਖਰਾ ਰੱਖੋ। ਇਸ ਨੂੰ ਕਿਸੇ ਹੋਰ ਕੰਮ ਲਈ ਨਾ ਵਰਤੋ।

★ **ਪੈਮਾਨੇ ਦੀ ਵਰਤੋਂ** : ਕੀਟਨਾਸ਼ਕ ਦੀ ਮਾਤਰਾ ਮਾਪਦੇ ਸਮੇਂ ਇਸ ਨੂੰ ਸਾਵਧਾਨੀ ਨਾਲ ਡੱਬੇ ਵਿੱਚੋਂ ਪੈਮਾਨੇ ਵਿੱਚ ਅਤੇ ਪੈਮਾਨੇ ਵਿੱਚੋਂ ਘੋਲ ਬਣਾਉਣ ਵਾਲੇ ਬਰਤਨ 'ਚ ਪਾਓ। ਡੱਬੇ ਵਿੱਚੋਂ ਮੂੰਹ ਰਾਹੀਂ ਕੀਟਨਾਸ਼ਕ ਨੂੰ ਕਦੇ ਬਾਹਰ ਨਾ ਖਿੱਚੋ।

★ **ਘੋਲ ਤਿਆਰ ਕਰਨਾ** : ਕੀਟਨਾਸ਼ਕ ਨੂੰ ਘੋਲਣ ਲਈ ਲੰਬੇ ਹੈਂਡਲ ਵਾਲਾ ਸਟਿਰਰ ਅਤੇ ਡੂੰਘਾ ਬਰਤਨ ਵਰਤੋਂ। ਇਸ ਨੂੰ ਘੋਲਣ ਲਈ ਲੱਕੜ ਦੀ ਲੰਬੀ ਛੜੀ ਵਰਤੀ ਜਾ ਸਕਦੀ ਹੈ। ਕੀਟਨਾਸ਼ਕ ਨੂੰ ਹੱਥ ਨਾਲ ਨਾ ਘੋਲੋ। ਖਾਣ-ਪੀਣ ਵਾਲੇ ਬਰਤਨਾਂ ਨੂੰ ਘੋਲ ਤਿਆਰ ਕਰਨ ਲਈ ਕਦੇ ਨਾ ਵਰਤੋ।


★ **ਸਹੀ ਮਿਣਤੀ** : ਕੀਟਨਾਸ਼ਕ ਦੀ ਸਿਫਾਰਸ਼ ਤੋਂ ਵੱਧ ਮਾਤਰਾ ਨਾ ਵਰਤੋ ਕਿਉਂਕਿ ਜ਼ਿਆਦਾ ਮਾਤਰਾ ਜ਼ਿਆਦਾ ਮਹਿੰਗੀ ਪੈਂਦੀ ਹੈ, ਜਿਸ ਨਾਲ ਲਾਗਤ ਮੁੱਲ ਵਧਦਾ ਹੈ। ਫਲਾਂ ਅਤੇ ਸਬਜ਼ੀਆਂ ਉੱਪਰ ਕੀਟਨਾਸ਼ਕਾਂ ਦੇ ਅੰਸ਼ ਰਹਿ ਜਾਂਦੇ ਹਨ ਜੋ ਪੌਦੇ ਅਤੇ ਵਰਤੋਂਕਾਰ ਦੋਵਾਂ ਲਈ ਨੁਕਸਾਨ ਹੋ ਸਕਦੇ ਹਨ। ਇਸ ਲਈ ਕੀਟਨਾਸ਼ਕ ਦੀ ਅਨੁਮਾਨਿਤ ਮਾਤਰਾ ਪਾ ਕੇ ਘੋਲ ਤਿਆਰ ਨਹੀਂ ਕਰਨਾ ਚਾਹੀਦਾ। ਕੀਟਨਾਸ਼ਕ ਦੀ ਸਹੀ ਡੋਜ਼ ਦੀ ਵਰਤੋ।

**– ਸੰਜੀਵ ਕੁਮਾਰ ਕਟਾਰੀਆ**

# ਚੰਗੀ ਸਿਹਤ ਲਈ ਖਾਣ ਵਾਲੀਆਂ ਵਸਤਾਂ ਦੇ ਲੇਬਲ ਦੀ ਜਾਣਕਾਰੀ ਜ਼ਰੂਰ ਲਵੋ

ਕੁਲਵੀਰ ਕੌਰ ਅਤੇ ਮਨੀਸ਼ਾ ਭਾਟੀਆ, ਡਾਇਰੈਕਟੋਰੇਟ,
ਪਸਾਰ ਸਿੱਖਿਆ, ਪੀ. ਏ. ਯੂ., ਲੁਧਿਆਣਾ (ਮੋ. 94170-16207)

ਅਜੋਕੇ ਦੌਰ ਵਿਚ ਜ਼ਰੂਰੀ ਹੈ ਕਿ ਖਪਤਕਾਰ ਲੇਬਲ ਤੇ ਲਿਖੀ ਜਾਣਕਾਰੀ ਨੂੰ ਚੰਗੀ ਤਰ੍ਹਾਂ ਪੜ੍ਹੇ ਤਾਂ ਜੋ ਉਹ ਉਤਪਾਦ ਦੇ ਬਣਾਉਣ ਵਿਚ ਵਰਤੀ ਜਾਂਦੀ ਸਮੱਗਰੀ, ਉਸ ਦੀ ਪੌਸ਼ਟਿਕਤਾ ਅਤੇ ਕਿਸੇ ਵੀ ਐਲਰਜਨ ਦੀ ਮੌਜੂਦਗੀ ਬਾਰੇ ਸਹੀ ਜਾਣਕਾਰੀ ਲੈ ਸਕੇ। ਇਸ ਤਰ੍ਹਾਂ ਦੀ ਜਾਣਕਾਰੀ ਖਪਤਕਾਰ ਨੂੰ ਹਾਨੀਕਾਰਕ ਸਮੱਗਰੀ ਦੇ ਦੁਰਪ੍ਰਭਾਵਾਂ ਤੋਂ ਬਚਣ ਵਿਚ ਮਦਦ ਕਰਦੀ ਹੈ। ਐਫ. ਐਸ ਐਸ ਏ ਆਈ ਦੇ ਅਨੁਸਾਰ ਹਰੇਕ ਪੈਕ ਕੀਤੇ ਭੋਜਨ ਦੇ ਸਮਾਨ ਨੂੰ ਲੇਬਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਹੇਠ ਲਿਖੀ ਜਾਣਕਾਰੀ ਪ੍ਰਦਾਨ ਕਰੇਗਾ :



★ ਬਰਾਂਡ/ਉਤਪਾਦ ਦਾ ਨਾਮ
★ ਸਮੱਗਰੀ ਦੀ ਸੂਚੀ
★ ਪੋਸ਼ਣ ਸਬੰਧੀ ਜਾਣਕਾਰੀ
★ ਸ਼ਾਕਾਹਾਰੀ/ਮਾਸਾਹਾਰੀ ਬਾਰੇ ਜਾਣਕਾਰੀ
★ ਫੂਡ ਐਡਿਟਿਵਜ਼ ਬਾਰੇ ਘੋਸ਼ਣਾ
★ ਨਿਰਮਾਣ ਦਾ ਨਾਮ ਅਤੇ ਪਤਾ
★ ਸ਼ੁੱਧ ਮਾਤਰਾ
★ ਕੋਡ ਨੰਬਰ/ਲਾਟ ਨੰਬਰ/ਬੈਚ ਨੰਬਰ
★ ਨਿਰਮਾਣ ਜਾਂ ਪੈਕਿੰਗ ਦੀ ਮਿਤੀ
★ ਵਰਤਣ ਦਾ ਸਹੀ ਸਮਾਂ
★ ਵਰਤਣ ਲਈ ਨਿਰਦੇਸ਼
★ ਸਟੋਰੇਜ ਲਈ ਨਿਰਦੇਸ਼
★ ਐਲਰਜੀ ਸਬੰਧੀ ਜਾਣਕਾਰੀ (ਸਾਵਧਾਨੀ ਦੇ ਤੌਰ ਤੇ ਸੋਇਆਬੀਨ, ਮੂੰਗਫਲੀ, ਗਲੂਟਨ ਦੀ ਮੌਜੂਦਗੀ ਬਾਰੇ ਜਾਣਕਾਰੀ)
★ ਐਫ. ਐਸ. ਐਸ. ਏ. ਆਈ. ਦਾ ਲਾਈਸੈਂਸ ਨੰਬਰ

ਲੇਬਲ ਪੈਕੇਟ ਅਤੇ ਡੱਬੇ ਤੇ ਲੱਗਾ ਹੋਣਾ ਚਾਹੀਦਾ ਹੈ ਅਤੇ ਲੇਬਲ ਤੇ ਲਿਖੀ ਸਮੱਗਰੀ ਅੰਗਰੇਜ਼ੀ ਜਾਂ ਹਿੰਦੀ ਭਾਸ਼ਾ ਵਿਚ ਸਹੀ, ਸਪਸ਼ਟ ਅਤੇ ਪੜ੍ਹਨਯੋਗ ਹੋਣਾ ਚਾਹੀਦੀ ਹੈ। ਖਪਤਕਾਰ ਨੂੰ ਚਾਹੀਦਾ ਹੈ ਕਿ ਉਹ ਵਸਤੂ ਖਰੀਦਣ ਤੋਂ ਪਹਿਲਾਂ ਲੇਬਲ ਨੂੰ ਚੰਗੀ ਤਰ੍ਹਾਂ ਪੜ੍ਹੇ ਕਿਉਂਕਿ ਕਈ ਵਾਰ ਲੇਬਲ ਤੇ ਦਿੱਤੀ ਜਾਣਕਾਰੀ ਅਧੂਰੀ ਅਤੇ ਗੁੰਮਰਾਹ ਕਰਨ ਵਾਲੀ ਹੁੰਦੀ ਹੈ।

**ਖਪਤਕਾਰ ਨੂੰ ਸਹੀ ਜਾਣਕਾਰੀ ਹਾਸਲ ਕਰਨ ਲਈ ਹੇਠ ਲਿਖੇ ਮਹੱਤਵਪੂਰਨ ਨੁਕਤਿਆਂ ਉੱਤੇ ਧਿਆਨ ਦੇਣਾ ਚਾਹੀਦਾ ਹੈ :**

★ ਭੋਜਨ ਉਤਪਾਦ ਦੀ ਸੁਰੱਖਿਆ ਨੂੰ ਯਕੀਨੀ ਬਨਾਉਣ ਲਈ ਖਪਤਕਾਰਾਂ ਲਈ ਮਿਆਦ ਖਤਮ ਹੋਣ ਦੀ ਮਿਤੀ ਦੀ ਧਿਆਨ ਨਾਲ ਜਾਂਚ ਕਰਨੀ ਮਹੱਤਵਪੂਰਨ ਹੈ ਕਿਉਂਕਿ ਇਹ ਉਤਪਾਦ ਦੀ ਤਾਜ਼ਗੀ ਦਾ ਮਾਪਦੰਡ ਹੁੰਦਾ ਹੈ।
★ ਖਪਤਕਾਰਾਂ ਨੂੰ ਉਤਪਾਦ 'ਤੇ ਐਫ. ਐਸ. ਐਸ. ਏ. ਆਈ ਦਾ ਲਾਇਸੈਂਸ ਦੇਖਣਾ ਚਾਹੀਦਾ ਹੈ ਕਿਉਂਕਿ ਇਹ ਨਿਰਮਾਤਾ ਦੀ ਭਰੋਸੇਯੋਗਤਾ ਦੀ ਪੁਸ਼ਟੀ ਕਰਦਾ ਹੈ।
★ ਧੋਖੇਧੜੀ ਤੋਂ ਬਚਣ ਲਈ 'ਘੱਟ ਚਰਬੀ' ਜਾਂ 'ਕੁਦਰਤੀ ਲੇਬਲ' ਦੇ ਗੁੰਮਰਾਹਕੁੰਨ ਦਾਅਵਿਆਂ ਤੋਂ ਵੀ ਸੁਚੇਤ ਰਹਿਣ ਦੀ ਲੋੜ ਹੈ। ਉਦਾਹਰਨ ਦੇ ਤੌਰ ਤੇ 'ਉਤਪਾਦ ਵਿਚ ਖੰਡ ਨਹੀਂ ਸ਼ਾਮਿਲ' ਦੇ ਬਾਵਜੂਦ ਕਾਰਬੋਜ਼ ਸ਼ਾਮਿਲ ਹੁੰਦੇ ਹਨ। ਇਸ ਦਾ ਮਤਲਬ ਹੈ ਕੇ ਉਤਪਾਦ ਕੈਲੋਰੀ ਜਾਂ ਕਾਰਬੋਜ਼ ਮੁਕਤ ਨਹੀਂ ਹੁੰਦਾ।




ਬਿਨਾਂ ਲੇਬਲ ਅਤੇ ਖੁੱਲ੍ਹੇ ਉਤਪਾਦ ਆਕਰਸ਼ਕ ਨਹੀਂ ਹੁੰਦੇ ਅਤੇ ਖਪਤਕਾਰਾਂ ਦਾ ਧਿਆਨ ਖਿੱਚਣ ਵਿਚ ਅਸਮਰੱਥ ਹੁੰਦੇ ਹਨ। ਨਿਰਮਾਤਾਵਾਂ ਨੂੰ ਚਾਹੀਦਾ ਹੈ ਕਿ ਡੱਬਾਬੰਦ/ਪੈਕ ਕੀਤੇ ਉਤਪਾਦਾਂ ਦੀ ਸਹੀ ਲੇਬਲਿੰਗ ਕਰਨ ਵੱਲ ਖਾਸ ਧਿਆਨ ਦੇਣ। ਇਸ ਲਈ ਕਿਹਾ ਜਾ ਸਕਦਾ ਹੈ ਕਿ ਉਤਪਾਦਾਂ ਤੇ ਲੇਬਲਿੰਗ ਉਤਪਾਦਕਾਂ ਅਤੇ ਖਪਤਕਾਰਾਂ ਲਈ ਅਤਿ ਲਾਜ਼ਮੀ ਹੈ। ਜਿਸ ਦੇ ਸਕਦੇ ਉਤਪਾਦਕ ਪੈਕ ਕੀਤੇ ਉਤਪਾਦ ਨੂੰ ਵੇਚ ਕੇ ਵਧੀਆ ਮੁੱਲ ਵਸੂਲ ਕਰ ਸਕਦੇ ਹਨ ਅਤੇ ਖਪਤਕਾਰ ਵੀ ਲੇਬਲਿੰਗ ਦੀ ਜਾਣਕਾਰੀ ਸਦਕੇ ਵਧੀਆ ਉਤਪਾਦ ਖਰੀਦ ਕੇ ਆਪਣੀ ਸਿਹਤ ਨੂੰ ਬਰਕਰਾਰ ਰੱਖ ਸਕਦੇ ਹਨ।

# ਨੇੜਿਉਂ ਵੇਖਿਆ ਰਾਜ ਕਪੂਰ ਸਾਹਿਬ

ਡਾ. ਰਣਜੀਤ ਸਿੰਘ

ਰਾਜ ਕਪੂਰ ਸਾਹਿਬ ਦੀ ਇਸ ਵਰ੍ਹੇ 100ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਉਹ ਇਕ ਮਹਾਨ ਫਿਲਮਸਾਜ ਅਤੇ ਵੱਡਾ ਕਲਾਕਾਰ ਸੀ। ਉਸ ਦੀਆਂ ਫਿਲਮਾਂ ਦੀ ਖਿੱਚ ਅਤੇ ਸਾਰਥਿਕਤਾ ਸਦੀਵੀਂ ਹੈ। ਉਸ ਦੇ ਪ੍ਰਸ਼ੰਸਕ ਕੇਵਲ ਭਾਰਤ ਵਿਚ ਵੀ ਨਹੀਂ ਸਗੋਂ ਸਾਰੇ ਸੰਸਾਰ ਵਿੱਚ ਹਨ। ਰੂਸੀ ਤਾਂ ਉਸ ਨੂੰ ਆਪਣਾ ਹੀ ਨਾਇਕ ਮੰਨਦੇ ਹਨ। ਫਿਲਮ ਨਿਰਮਾਣ ਸਮੇਂ ਉਸ ਦੇ ਸਾਹਮਣੇ ਇਕ ਸੁਪਨਾ ਹੁੰਦਾ ਸੀ ਜਿਸ ਨੂੰ ਪੂਰਾ ਕਰਨ ਲਈ ਉਹ ਆਪਣੇ ਸਾਰੇ ਵਸੀਲੇ ਦਾਅ ਲਗਾ ਦਿੰਦਾ ਸੀ। ਇਸ ਮਹਾਨ ਕਲਾਕਾਰ ਦੀ ਸ਼ਤਾਬਦੀ ਜਿਸ ਪੱਧਰ ਉੱਤੇ ਮਨਾਉਣੀ ਚਾਹੀਦੀ ਸੀ ਅਜੇਹਾ ਨਹੀਂ ਹੋਇਆ ਸਗੋਂ ਇਹ ਕੇਵਲ ਉਸ ਦੇ ਪਰਿਵਾਰ ਵੱਲੋਂ ਕੀਤੇ ਇਕ ਸਮਾਗਮ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਉਸ ਬਾਰੇ ਸਮਾਗਮ ਅਤੇ ਉਸ ਦੀਆਂ ਫਿਲਮਾਂ ਦਾ ਪ੍ਰਦਰਸ਼ਨ ਸਾਰਾ ਸਾਲ ਚੱਲਣਾ ਚਾਹੀਦਾ ਸੀ। ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ 1965 ਵਿਚ ਮਿਲਿਆ ਸੀ ਜਿਸ ਦੀਆਂ ਕੁਝ ਯਾਦਾਂ ਪਾਠਕਾਂ ਨਾਲ ਸਾਂਝੀਆਂ ਕਰ ਰਿਹਾ ਹਾਂ।

ਮੈਂ ਉਦੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਸੋਲਵੀਂ ਜਮਾਤ ਵਿਚ ਪੜ੍ਹਦਾ ਸੀ। ਸਾਡੀ 10 ਮੁੰਡਿਆਂ ਦੀ ਕਲਾਸ ਸੀ। ਕਲਾਸ ਵੱਲੋਂ ਭਾਰਤ ਦਰਸ਼ਨ ਦਾ ਪ੍ਰੋਗਰਾਮ ਬਣਾਇਆ ਗਿਆ। ਮੁੱਖ ਮੰਤਵ ਦੇਸ਼ ਦੀਆਂ ਪ੍ਰਮੁੱਖ ਖੇਤੀ ਖੋਜ ਸੰਸਥਾਵਾਂ ਵਿਚ ਜਾਣਾ ਸੀ। ਸਾਡੇ ਨਾਲ ਇਕ ਅਧਿਆਪਕ ਸੀ ਜਿਹੜਾ ਸਾਡੇ ਵਰਗਾ ਹੀ ਸੀ ਕਿਉਂਕਿ ਇਕ ਸਾਲ ਪਹਿਲਾਂ ਹੀ ਉਸ ਪੜ੍ਹਾਈ ਪੂਰੀ ਕਰਕੇਦ ਨੌਕਰੀ ਸ਼ੁਰੂ ਕੀਤੀ ਸੀ। ਉਦੋਂ ਗੱਡੀਆਂ ਵਿਚ ਰਾਖਵਾਂਕਰਨ ਨਹੀਂ ਹੁੰਦਾ ਸੀ ਤੇ ਬਿਸਤਰੇ ਵੀ ਆਪਣੇ ਹੀ ਲੈ ਕੇ ਜਾਣੇ ਪੈਂਦੇ ਸਨ। ਸਾਡੇ ਪ੍ਰੋਗਰਾਮ ਵਿਚ ਦਿੱਲੀ, ਆਗਰਾ, ਹੈਦਰਾਬਾਦ, ਬੰਗਲੌਰ, ਮੈਸੂਰ, ਊਟੀ, ਬੰਬਈ ਆਦਿ ਸ਼ਾਮਿਲ ਸਨ। ਮੁਬੰਈ ਸਾਡਾ ਆਖਰੀ ਪੜਾ ਸੀ ਤੇ ਉਥੋਂ ਮੁੜ ਸਿੱਧੇ ਲੁਧਿਆਣਾ ਆਉਣਾ ਸੀ। ਸਟੇਸ਼ਨ ਉੱਤੇ ਗੱਡੀ ਪੁੱਜਣ ਦੇ ਸਾਰ ਹੀ ਸਾਡੇ ਵਿਚੋਂ ਜਿਹੜੇ ਪੰਜ ਤਕੜੇ ਮੁੰਡੇ ਸਨ ਉਹ ਤੇਜੀ ਨਾਲ ਡੱਬੇ ਅੰਦਰ ਵੜ ਸੀਟਾਂ ਮਲਦੇ ਸਨ ਤੇ ਪਿਛੋਂ ਸਮਾਨ ਟਿਕਾਇਆ ਜਾਂਦਾ ਸੀ। ਉਦੋਂ ਸਫਰ ਮਜੇਦਾਰ ਹੁੰਦਾ ਸੀ। ਉਦੋਂ ਕਿਹੜਾ ਮੋਬਾਈਲ ਹੁੰਦੇ ਸਨ। ਸਾਰਾ ਰਾਹ ਗੱਪਾਂ ਮਾਰਦੇ ਤੇ ਰੌਲਾ ਪਾਉਦਿਆਂ ਹੀ ਬੀਤ ਜਾਂਦਾ ਸੀ। ਮੁੰਬਈ ਸਾਡੀ ਗੱਡੀ ਦਾਦਰ ਸਟੇਸ਼ਨ ਉੱਤੇ ਪੁੱਜੀ।

ਦਾਦਰ ਗੁਰੂ ਘਰ ਵਿਚ ਕਮਰਾ ਮਿਲ ਗਿਆ। ਦੂਜੇ ਦਿਨ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਸੀ। ਸਾਡੇ ਸਾਰਿਆਂ ਦੀ ਇੱਛਾ ਕਿਸੇ ਫਿਲਮ ਦੀ ਸ਼ੂਟਿੰਗ ਵੇਖਣਾ ਸੀ। ਸਾਡੇ ਇਕ ਸਾਥੀ ਦੇ ਰਿਸ਼ਤੇਦਾਰਾਂ ਦਾ ਇਥੇ ਟਰਾਂਸਪੋਰਟ ਦਾ ਕਾਰੋਬਾਰ ਸੀ। ਉਨ੍ਹਾਂ ਇਕ ਸਟੇਸ਼ਨ ਵੈਗਣ ਭੇਜ ਦਿੱਤੀ ਤਾਂ ਜੋ ਅਸੀਂ ਮੁੰਬਈ ਦੀ ਸੈਰ ਕਰ ਸਕੀਏ। ਗੱਡੀ ਦੇ ਡਰਾਈਵਰ ਨੇ ਜਦੋਂ ਪੁੱਛਿਆ ਕਿ ਕਿੱਥੇ ਚੱਲੀਏ ਤਾਂ ਸਾਡੇ ਸਾਰਿਆਂ ਮੂੰਹੋਂ ਇਹੋ ਨਿਕਲਿਆ ਅਸੀਂ ਤਾਂ ਸਭ ਤੋਂ ਪਹਿਲਾਂ ਕਿਸੇ ਫਿਲਮ ਦੀ ਸ਼ੂਟਿੰਗ ਵੇਖਣੀ ਹੈ, ਉਸ ਆਖਿਆ ਇੱਥੋਂ ਸਭ ਤੋਂ ਨੇੜੇ ਚੰਬੂਰ ਵਿਖੇ ਆਰ ਕੇ ਸਟੂਡੀਓ ਹੈ, ਉੱਥੇ ਚਲਦੇ ਹਾਂ, ਸੁਣਿਆ ਹੈ ਰਾਜ ਕਪੂਰ ਸਾਹਿਬ ਪੰਜਾਬ ਤੋਂ ਆਇਆਂ ਨੂੰ ਖਿੜੇ ਮੱਥੇ ਮਿਲਦੇ ਹਨ। ਹੋਰ ਕੀ ਚਾਹੀਦਾ ਸੀ। ਰਾਜ ਕਪੂਰ ਸਾਹਿਬ ਸਾਰਿਆਂ ਦੇ ਚਹੇਤੇ ਕਲਾਕਾਰ ਸਨ ਤੇ ਆਰ ਕੇ ਸਟੂਡੀਓ ਦੇ ਨਾਮ ਤੋਂ ਸਾਰੇ ਹੀ ਜਾਣੂ ਸਨ। ਅਸੀਂ ਉਤਸਰ ਸਾਂ ਪਰ ਇਹ ਵੀ ਪ੍ਰਾਰਥਨਾ ਕਰ ਰਹੇ ਸਾਂ ਕਿ ਰਾਜ ਕਪੂਰ ਸਾਹਿਬ ਮਿਲ ਜਾਣ। ਡਰਾਈਵਰ ਨੇ ਗੱਡੀ ਆਰ ਕੇ ਸਟੂਡੀਓ ਦੇ ਗੇਟ ਅੱਗੇ ਰੋਕ ਦਿੱਤੀ।

ਸਾਡੇ ਪ੍ਰੋਫੈਸਰ ਨੇ ਗੇਟ ਤੇ ਖੜੇ ਦਰਬਾਨ ਨੂੰ ਪੁੱਛਿਆ, ''ਰਾਜ ਕਪੂਰ ਸਾਹਿਬ ਸਨ ?'' ਦਰਬਾਨ ਦਾ ਉੱਤਰ ਸੀ ਤੁਸੀਂ ਇਥੇ ਹੀ ਰੁਕੋ ਮੈਂ ਪੁੱਛ ਕੇ ਆਉਂਦਾ ਹਾਂ। ਅਸੀਂ ਕੀ ਵੇਖਦੇ ਹਾਂ ਕਿ ਰਾਜ ਕਪੂਰ ਸਾਹਿਬ ਨੰਗੇ ਪੈਰੀ ਸਾਡੇ ਵੱਲ ਆ ਰਹੇ ਸਨ। ਅਸੀਂ ਅੱਗੇ ਵੱਧ ਕੇ ਸਤਿ ਸ੍ਰੀ ਅਕਾਲ ਬੁਲਾਈ। ਉ ਨ੍ਹਾਂ ਸਾਡੇ ਨਾਲ ਹੱਥ ਮਿਲਾਇਆ ਤੇ ਸਾਨੂੰ ਸਾਰਿਆਂ ਨੂੰ ਆਪਣੇ ਨਾਲ ਅੰਦਰ ਆਉਣ ਲਈ ਆਖਿਆ। ਸਟੂਡੀਓ ਦੇ ਇਕ ਪਾਸੇ ਥੀਏਟਰ ਸੀ। ਉਸ ਦੇ ਬੂਹੇ ਉੱਤੇ ਪੁੱਜ ਉਹ ਆਖਣ ਲੱਗੇ, ''ਤੁਹਾਨੂੰ ਇਕ ਤਕਲੀਫ ਕਰਨੀ ਪਵੇਗੀ। ਅੰਦਰ ਜਾਣ ਤੋਂ ਪਹਿਲਾਂ ਜੁੱਤੀਆਂ ਲਾਹੁਣੀਆਂ ਪੈਣਗੀਆਂ। ਮੇਰੇ ਲਈ ਥੀਏਟਰ ਇਕ ਪਵਿੱਤਰ ਸਥਾਨ ਹੈ, ਇਥੇ ਅਸੀਂ ਸਾਰੇ ਜੁੱਤੀਆਂ ਉਤਾਰ ਕੇ ਜਾਂਦੇ ਹਾਂ। ਅਸੀਂ ਆਪਣੀਆਂ ਜੁੱਤੀਆਂ ਲਾਹ ਕੇ ਅੰਦਰ ਚਲੇ ਗਏ।



ਛੋਟਾ ਜਿਹਾ ਬਹੁਤ ਸੁੰਦਰ ਥੀਏਟਰ ਸੀ। ਗੱਦਿਆਂ ਵਾਲੀਆਂ ਬਹੁਤ ਹੀ ਆਰਾਮਦਾਇਕ ਕੁਰਸੀਆਂ ਸਨ। ਫਰਸ਼ ਉੱਤੇ ਵਧੀਆ ਕਾਰਪੇਟ ਸੀ ਜਿਸ ਵਿਚ ਪੈਰ ਧਸਦੇ ਸਨ। ਉਹ ਆਖਣੇ ਲੱਗੇ, ''ਜਦੋਂ ਕੋਈ ਪੰਜਾਬ ਤੋਂ ਆਉਂਦਾ ਹੈ ਤਾਂ ਬਹੁਤ ਹੀ ਖੁਸ਼ੀ ਹੁੰਦੀ ਹੈ।'' ਉਹ ਬਹੁਤ ਹੀ ਪਿਆਰੀ ਪੰਜਾਬੀ ਬੋਲ ਰਹੇ ਸਨ। ਸਾਡਾ ਇਕ ਸਾਥੀ ਆਖਣ ਲੱਗਾ, ''ਤੁਸੀਂ ਤਾਂ ਬਹੁਤ ਵਧੀਆ ਪੰਜਾਬੀ ਬੋਲਦੇ ਹੋ।'' ਰਾਜ ਕਪੂਰ ਸਾਹਿਬ ਦਾ ਉੱਤਰ ਸੀ, ''ਪੰਜਾਬੀ ਹਾਂ ਤਾਂ ਪੰਜਾਬੀ ਹੀ ਬੋਲਾਂਗਾ, ਫਾਰਸੀ ਤੇ ਨਹੀਂ ਬੋਲਾਂਗਾ।'' ਅਸੀਂ ਪੁੱਛਿਆ ਤੁਸੀਂ ਪੰਜਾਬੀ ਵਿਚ ਫਿਲਮ ਕਿਉਂ ਨਹੀਂ ਬਣਾਉਂਦੇ ? ''ਉਨ੍ਹਾਂ ਦਾ ਉੱਤਰ ਸੀ, ''ਜਦੋਂ ਕੋਈ ਵਧੀਆ ਕਹਾਣੀ ਮਿਲੀ ਤਾਂ ਜਰੂਰ ਪੰਜਾਬੀ ਫਿਲਮ ਬਣਾਵਾਂਗਾ।'' ਪੰਜਾਬੀ ਫਿਲਮਾਂ ਵੇਖਣ ਵਾਲਿਆਂ ਦੀ ਗਿਣਤੀ ਥੋੜ੍ਹੀ ਹੈ। ਖਰਚਾ ਪੂਰਾ ਹੋਣ ਦਾ ਵੀ ਡਰ ਹੈ। ਖੈਰ ਮੈਂ ਆਪਣੀ ਇੱਛਾ ਜਰੂਰ ਪੂਰੀ ਕਰਾਂਗਾ।''

ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਹਮੇਸ਼ਾਂ ਪ੍ਰੇਮ ਕਹਾਣੀਆਂ ਆਧਾਰਿਤ ਫਿਲਮਾਂ ਹੀ ਕਿਉਂ ਬਣਾਉਂਦੇ ਹੋ ਤਾਂ ਉਨ੍ਹਾਂ ਦਾ ਉੱਤਰ ਸੀ, ''ਸੰਸਾਰ ਵਿਚ ਸਭ ਕੋਸ਼ਿਸ਼ ਕਰਦਾ ਹਾਂ ਕਿ ਇਸ ਵਿਚ ਕੁਝ ਕਮੀ ਕਰ ਸਕਾਂ।'' ਉਨ੍ਹਾਂ ਕਿਹਾ ਕਿ 'ਬਰਸਾਤ' ਫਿਲਮ ਦੀ ਸਫਲਤਾ ਨਾਲ ਮੇਰਾ ਹੱਥ ਕੁਝ ਖੁੱਲ੍ਹਾ ਹੋ ਗਿਆ ਤੇ ਮੈਂ ਆਪਣੇ ਸੁਪਨਿਆਂ ਦਾ ਸਟੂਡੀਓ ਬਣਾ ਸਕਿਆ ਹਾਂ।' 1948 ਵਿਚ ਢਾਈ ਏਕੜ ਜ਼ਮੀਨ 'ਤੇ ਇਹ ਸਟੂਡੀਓ ਬਣਾਇਆ ਸੀ। ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਆਪਣੇ ਦੇਸ਼ ਵਿਚ ਤਾਂ ਤੁਸੀਂ ਸਾਰਿਆਂ ਦੇ ਦਿਲਾਂ ਦੀ ਧੜਕਣ ਹੋ। ਸੁਣਿਆ ਹੈ ਕਿ ਰੂਸ ਵਿਚ ਵੀ ਲੋਕੀਂ ਤੁਹਾਡੇ ਲਈ ਪਾਗਲ ਹੋਏ ਫਿਰਦੇ ਹਨ। ਉਨ੍ਹਾਂ ਦਾ ਉੱਤਰ ਸੀ, ''ਪਿਆਰ ਦੀ ਆਪਣੀ ਹੀ ਭਾਸ਼ਾ ਹੁੰਦੀ ਹੈ ਜਿਸ ਨੂੰ ਸਾਰੇ ਸਮਝਦੇ ਹਨ। ਕੁਝ ਇਹ ਵੀ ਆਖਦੇ ਹਨ ਕਿ ਮੇਰੀ ਸ਼ਕਲ ਰੂਸੀਆਂ ਨਾਲ ਵਧੇਰੇ ਮਿਲਦੀ ਹੈ।'' ਅਸੀਂ ਹੋਰ ਗੱਲਾਂ ਕਰਨੀਆਂ ਚਾਹੁੰਦੇ ਸਾਂ ਪਰ ਸਾਡੇ ਅਧਿਆਪਕ ਦਾ ਇਸ਼ਾਰਾ ਸਮਝ ਅਸੀਂ ਚੁੱਪ ਹੋ ਗਏ। ਉਨ੍ਹਾਂ ਹੀ ਆਖਿਆ, ''ਤੁਸੀਂ ਸਾਨੂੰ ਇਤਨਾ ਸਮਾਂ ਦਿੱਤਾ ਤੁਹਾਡੀ ਮੇਹਰਬਾਨੀ, ਅਸੀਂ ਤੁਹਾਡੇ ਕੰਮ ਵਿਚ ਹੋਰ ਰੁਕਾਵਟ ਨਹੀਂ ਬਣਨਾ ਚਾਹੁੰਦੇ ਸਾਨੂੰ ਆਗਿਆ ਦੇਵੋ''। ''ਇਹ ਕਿਵੇਂ ਹੋ ਸਕਦਾ ਹੈ, ਤੁਸੀਂ ਪੰਜਾਬ ਤੋਂ ਆਏ ਹੋ, ਤੁਹਾਡੀ ਸੇਵਾਂ ਤਾਂ ਕਰਨੀ ਬਣਦੀ ਹੈ ਆਵੋ ਚਾਹ ਪੀਈਏ''। ਉਹ ਸਾਨੂੰ ਆਪਣੀ ਕਾਟਜ ਵਲ ਲੈ ਗਏ। ਉੱਥੇ ਪਹਿਲਾਂ ਹੀ ਚਾਹ ਤੇ ਕੁਝ ਖਾਣ ਦਾ ਸਮਾਜ ਸਜਿਆ ਹੋਇਆ ਸੀ। ਅਸੀਂ ਚਾਹ ਪੀ ਰਹੇ ਹਾਂ ਤੇ ਉਨ੍ਹਾਂ ਦੀ ਸਾਦਗੀ ਅਤੇ ਨਿਮਰਤਾ ਵੇਖ ਹੈਰਾਨ ਹੋ ਰਹੇ ਸਾਂ। ਜਿਸ ਰਾਜ ਕਪੂਰ ਦੇ ਦਰਸ਼ਨ ਲਈ ਅਸੀ ਤਰਸਦੇ ਸਾਂ ਅਜ ਉਸ ਹੀ ਮਹਾਨ ਕਲਾਕਾਰ ਨਾਲ ਉਸ ਦੇ ਸਟੂਡੀਓ ਵਿਚ ਚਾਹ ਪੀਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਇਸ ਤੋਂ ਵਡੀ ਖੁਸ਼ਕਿਸਮਤੀ ਹੋਰ ਕੀ ਹੋ ਸਕਦੀ ਹੈ।

ਚਾਹ ਪੀਣ ਪਿਛੋਂ ਅਸੀਂ ਉਨ੍ਹਾਂ ਤੋਂ ਆਗਿਆ ਲਈ ਉਨ੍ਹਾਂ ਸਾਨੂੰ ਗੇਟ ਤੱਕ ਛੱਡਣ ਆਏ ਤੇ ਸਾਡੇ ਸਾਰਿਆਂ ਨਾਲ ਹੱਥ ਮਿਲਾਇਆ। ਇਹ ਅਭੁਲ ਯਾਤਰਾ ਸਾਡੇ ਚੇਤਿਆਂ ਵਿਚ ਹਮੇਸ਼ਾਂ ਲਈ ਉੱਕਰੀ ਗਈ। ਹੁਣ ਜਦੋਂ ਆਰ ਕੇ ਸਟੂਡੀਓ ਦੇ ਵਿਕ ਜਾਣ ਦੀ ਖਬਰ ਪੜ੍ਹੀ ਤਾਂ ਬਹੁਤ ਹੀ ਅਫਸੋਸ ਹੋਇਆ। ਉਨ੍ਹਾਂ ਦਾ ਪਰਿਵਾਰ ਆਪਣੀ ਮਹਾਨ ਵਿਰਾਸਤ ਨੂੰ ਸੰਭਾਲ ਨਾ ਸਕਿਆ।

# ਰਸਾਇਣਕ ਖਾਦਾਂ ਦੀ ਖਪਤ ਘਟਾਉਣ ਦੀ ਲੋੜ



ਕਿਸਾਨਾਂ ਦੀ ਫਸਲ ਤੋਂ ਆਮਦਨ ਘਟ ਰਹੀ ਹੈ ਅਤੇ ਖਰਚੇ ਵਧ ਰਹੇ ਹਨ। ਉਨ੍ਹਾਂ 'ਚ ਮਾਯੂਸੀ ਦੀ ਲਹਿਰ ਹੈ ਤਾਂ ਹੀ ਉਹ ਹਰ ਦਿਨ ਧਰਨੇ ਤੇ ਰੋਸ ਰੈਲੀਆਂ ਕਰ ਰਹੇ ਹਨ। ਹੋਰ ਸਮੱਗਰੀ ਤੋਂ ਇਲਾਵਾ ਕਿਸਾਨਾਂ ਨੂੰ ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਦੀ ਲੋੜ ਹੈ। ਪਿਛਲੀ ਸ਼ਤਾਬਦੀ ਦੇ ਛੇਵੇਂ ਦਹਾਕੇ 'ਚ ਸਬਜ਼ ਇਨਕਲਾਬ ਤੋਂ

ਭਗਵਾਨ ਦਾਸ

ਬਾਅਦ ਰਸਾਇਣਕ ਖਾਦਾਂ ਦੀ ਵਰਤੋਂ ਤੇਜ਼ੀ ਨਾਲ ਸ਼ੁਰੂ ਹੋਈ। ਸਰਕਾਰੀ ਏਜੰਸੀਆਂ ਵਲੋਂ ਵੀ ਰਸਾਇਣਕ ਖਾਦਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਗਿਆ। ਉਸ ਤੋਂ ਪਹਿਲਾਂ ਕਿਸਾਨ ਰੂੜੀ ਖਾਦ ਦੀ ਵਰਤੋਂ ਵੀ ਕਾਫੀ ਰਕਬੇ 'ਤੇ ਕਰਦੇ ਸਨ। ਦੇਸ਼ ਦੀ ਵੱਧ ਰਹੀ ਆਬਾਦੀ ਲਈ ਅਨਾਜ ਪੈਦਾ ਕਰਨ ਦੀ ਲੋੜ ਸੀ। ਅਮਰੀਕਾ ਤੋਂ ਪੀ. ਐੱਲ-480 ਥੱਲੇ ਅਨਾਜ ਦੀ ਆਮਦ ਬੰਦ ਕਰਨੀ ਲੋੜੀਂਦੀ ਸੀ। ਇਸ ਤਰ੍ਹਾਂ ਰੂੜੀ ਦੀ ਖਾਦ ਦੀ ਵਰਤੋਂ ਨਿਰੰਤਰ ਘਟਦੀ ਗਈ ਅਤੇ ਰਸਾਇਣਕ ਖਾਦਾਂ ਦੀ ਖਪਤ ਤੇਜ਼ੀ ਨਾਲ ਵਧਦੀ ਗਈ।

ਅੱਜ ਪੰਜਾਬ 'ਚ ਭਾਰਤ ਦੇ ਸਭ ਰਾਜਾਂ ਨਾਲੋਂ ਵੱਧ ਪ੍ਰਤੀ ਹੈਕਟੇਅਰ ਰਸਾਇਣਕ ਖਾਦ ਪਾਏ ਜਾਏ ਰਹੇ ਹਨ। ਫਸਲੀ ਘਣਤਾ ਵੀ ਵਧੀ ਹੈ, ਜਿਸ ਕਰਕੇ ਵਧੇਰੇ ਰਸਾਇਣਕ ਖਾਦ ਪਾਉਣ ਦੀ ਲੋੜ ਪਈ ਹੈ। ਰਸਾਇਣਕ ਖਾਦ ਜ਼ਿਆਦਾ ਪਾਉਣ ਕਾਰਨ ਫਸਲਾਂ 'ਚ ਬਿਮਾਰੀਆਂ ਅਤੇ ਹਾਨੀਕਾਰਕ ਕੀੜਿਆਂ ਦੇ ਕੀਟਨਾਸ਼ਕਾਂ ਦੀ ਖਪਤ ਵੀ ਪੰਜਾਬ 'ਚ ਵਧਦੀ ਗਈ। ਕਿਸਾਨ ਰਸਾਇਣਕ ਖਾਦਾਂ ਦੀ ਵਰਤੋਂ ਨੂੰ ਹੋਰ ਤੇਜ਼ੀ ਨਾਲ ਵਧਾਏ ਜਾ ਰਹੇ ਹਨ। ਪੰਜਾਬ ਖੇਤੀ ਯੂਨੀਵਰਸਿਟੀ (ਪੀ.ਏ.ਯੂ) ਵਲੋਂ ਕਣਕ ਦੀ ਫਸਲ 'ਚ 55 ਕਿਲੋ ਡੀ.ਏ.ਪੀ. ਤੇ 110 ਕਿਲੋ ਯੂਰੀਆ ਪ੍ਰਤੀ ਏਕੜ ਪਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਕਿਸਾਨ 90-100 ਕਿਲੋ ਤੱਕ ਡੀ.ਏ.ਪੀ. ਅਤੇ 180 ਕਿਲੋ ਤੱਕ ਯੂਰੀਆ ਖਾਦ (ਚਾਰ ਥੈਲੇ) ਪ੍ਰਤੀ ਏਕੜ ਤੱਕ ਵੀ ਪਾਈ ਜਾ ਰਹੇ ਹਨ। ਭਾਰਤ ਨੂੰ ਇਹ ਖਾਦ ਦਰਾਮਦ ਵੀ ਕਰਨੇ ਪੈਂਦੇ ਹਨ ਅਤੇ ਕਿਸਾਨਾਂ ਨੂੰ ਯੂਰੀਏ ਦਾ 45 ਕਿਲੋ ਦਾ ਥੈਲਾ 266.5 ਪੈਸੇ (ਜੀ ਐਸ ਟੀ ਸ਼ਾਮਿਲ) ਅਤੇ ਡੀ ਏ ਪੀ ਦਾ ਥੈਲਾ 1350 ਰੁਪਏ ਨੂੰ ਵੀ ਦੇਣਾ ਜਾਰੀ ਰੱਖਣ ਲਈ ਭਾਰਤ ਸਰਕਾਰ ਨੇ ਇਸ ਸਾਲ ਲਈ 3850 ਕਰੋੜ ਰੁਪਏ ਖਰਚ ਕੀਤੇ ਜਾਣ ਦੀ ਮਨਜ਼ੂਰੀ ਦਿੱਤੀ ਹੈ, ਤਾਂ ਜੋ ਕਿਸਾਨਾਂ ਨੂੰ ਇਨ੍ਹਾਂ ਦੀ ਵਧ ਕੀਮਤ ਨਾਂ ਅਦਾ ਕਰਨੀ ਪਵੇ। ਦੂਜੇ ਮੁਲਕਾਂ 'ਚ ਜਿਨ੍ਹਾਂ ਤੋਂ ਇਹ ਖਾਦਾਂ ਦਰਾਮਦ ਕੀਤੀਆਂ ਜਾਂਦੀਆਂ ਇਨ੍ਹਾਂ ਦੀਆਂ ਕੀਮਤਾਂ ਵੱਧ ਗਈਆਂ ਹਨ, ਜਿਸ ਕਾਰਨ ਭਾਰਤ ਨੂੰ ਵੀ ਖਾਦਾਂ ਦਰਾਮਦ ਕਰਨੀਆਂ ਮਹਿੰਗੀਆਂ ਪੈਣ ਲੱਗ ਪਈਆਂ ਹਨ।

ਲੋੜ ਹੈ ਬਾਇਓ ਖਾਦਾਂ, ਹਰੀਆਂ ਖਾਦਾਂ, ਬਲਿਊ ਗ੍ਰੀਨ ਐਲਗੀ, ਨੀਲ-ਰਹਿਤ ਕਾਈ, ਵਰਮੀ ਕੰਪੋਸਟ ਜਿਹੀਆਂ ਖਾਦਾਂ ਵੀ ਵਰਤੋਂ ਵਧਾ ਕੇ ਰਸਾਇਣਕ ਖਾਦਾਂ ਦੀ ਵਰਤੋਂ ਘਟਾਈ ਜਾਵੇ। ਬਹੁਤ ਘੱਟ ਰਕਬਾ ਹੈ, ਜਿੱਥੇ ਜੈਵਿਕ ਖੇਤੀ ਕੀਤੀ ਜਾਂਦੀ ਹੈ। ਕਣਕ ਵੱਢਣ ਤੋਂ ਬਾਅਦ ਸਾਉਣੀ ਦੀਆਂ ਫਸਲਾਂ ਝੋਨਾ, ਬਾਸਮਤੀ ਅਤੇ ਕਪਾਹ ਜਿਹੀਆਂ ਫਸਲਾਂ ਦੀ ਬਿਜਾਈ ਕਰਨ ਤੱਕ ਜੋ ਸਮਾਂ ਹੁੰਦਾ ਹੈ, ਉਸ 'ਚ ਸਬਜ਼ ਖਾਦ ਪੈਦਾ ਕਰਕੇ ਰਸਾਇਣਕ ਖਾਦਾਂ ਦੀ ਖਪਤ ਘਟਾਈ ਜਾਵੇ। ਇਸ ਨਾਲ ਜ਼ਮੀਨ ਦੀ ਸ਼ਕਤੀ 'ਚ ਵਾਧਾ ਹੁੰਦਾ ਹੈ। ਕੁਝ ਸਮਾਂ ਪਹਿਲਾਂ ਸਰਕਾਰ ਵਲੋਂ ਜੰਤਰ ਦਾ ਬੀਜ ਸਬਸਿਡੀ 'ਤੇ ਦੇ ਕੇ ਕਿਸਾਨਾਂ ਨੂੰ ਸਬਜ਼ ਖਾਦ ਦਾ ਰਕਬਾ ਵਧਾਉਣ 'ਤੇ ਜ਼ੋਰ ਦਿੱਤਾ ਜਾਂਦਾ ਸੀ, ਪ੍ਰੰਤੂ ਇਸ ਸਮੇਂ 'ਚ ਪੰਜਾਬ ਪਾਵਰ ਸਪਲਾਈ ਕਾਰਪੋਰੇਸ਼ਨ ਵਲੋਂ ਬਿਜਲੀ ਬਹੁਤ ਘੱਟ ਦਿੱਤੇ ਜਾਣ ਕਾਰਨ ਅਤੇ ਨਹਿਰਬੰਦੀ ਵਜੋਂ ਇਸ 'ਤੇ ਜ਼ੋਰ ਘਟ ਗਿਆ ਅਤੇ ਕਿਸਾਨਾਂ 'ਚ ਸਬਜ਼ ਖਾਦ ਪੈਦਾ ਕਰਨ ਲਈ ਉਤਸ਼ਾਹ ਵੀ ਘੱਟ ਗਿਆ ਹੈ। ਭਾਵੇਂ ਸਬਜ਼ ਖਾਦ ਦੇ ਫਾਇਦੇ ਬੜੇ ਹਨ, ਜਿਵੇਂ ਜ਼ਮੀਨ ਦੀਆਂ ਹੇਠਲੀਆਂ ਤਹਿਆਂ ਤੋਂ ਜੜ੍ਹਾਂ ਰਾਹੀਂ ਖੁਰਾਕੀ ਤੱਤਾਂ ਦਾ ਉੱਪਰ ਆਉਣਾ, ਕਲਰਾਠੀਆਂ ਜ਼ਮੀਨਾਂ 'ਚ ਕੱਲਰ ਸੁਧਾਰ ਹੋਣਾ, ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣਾ ਅਤੇ ਸਬਜ਼ ਖਾਦ ਦੇ ਗਲਣ ਸੜਨ ਨਾਲ ਜ਼ਮੀਨ ਵਿਚਲੇ ਤੱਤਾਂ ਦਾ ਘੁਲਣਸ਼ੀਲ ਬਣ ਕੇ ਮੁੜ ਕੇ ਖੁਰਾਕ ਦਾ ਹਿੱਸਾ ਬਣ ਜਾਣਾ ਆਦਿ। ਪਹਿਲਾਂ ਗੈਰ-ਰਸਾਇਣਕ ਖਾਦਾਂ ਦੀ ਵਰਤੋਂ ਹੁੰਦੀ ਸੀ, ਹੁਣ ਭਾਵੇਂ ਇਨ੍ਹਾਂ ਦੀ ਉਸ ਤਰ੍ਹਾਂ ਵੱਡੇ ਪੱਧਰ 'ਤੇ ਵਰਤੋਂ ਸੰਭਵ ਨਹੀਂ, ਪਰ ਫਿਰ ਵੀ ਕਿਸੇ ਹੱਦ ਤੱਕ ਐਲਗੀ, ਵਰਤੀ ਕੰਪੋਸਟ ਅਤੇ ਸਬਜ਼ ਖਾਦਾਂ ਦੀ ਵਰਤੋਂ ਕੁਝ ਫਸਲਾਂ 'ਤੇ ਕਰਕੇ ਰਸਾਇਣਕ ਖਾਦਾਂ ਦੀ ਖਪਤ ਘਟਾਈ ਜਾ ਸਕਦੀ ਹੈ। ਇਨ੍ਹਾਂ ਗੈਰ-ਰਸਾਇਣਕ ਖਾਦਾਂ ਦੀ ਖਪਤ ਨਾਲ ਦਾਣੇ ਦਾ ਆਕਾਰ ਅਤੇ ਵਜ਼ਨ ਵਧਦਾ ਹੈ ਅਤੇ ਫਸਲ ਦੇ ਝਾੜ 'ਚ ਵੀ ਵਾਧਾ ਹੁੰਦਾ ਹੈ। ਇਨ੍ਹਾਂ ਖਾਦਾਂ ਦੀ ਵਰਤੋਂ ਨਾਲ ਇਕ ਅਨੁਮਾਨ ਅਨੁਸਾਰ ਯੂਰੀਏ ਦੀ 40 ਕਿਲੋ ਪ੍ਰਤੀ ਹੈਕਟੇਅਰ ਦੀ ਬੱਚਤ ਕੀਤੀ ਜਾ ਸਕਦੀ ਹੈ। ਯੂਰੀਏ ਦੀ ਖਪਤ ਘਟਾਉਣ ਲਈ ਭਾਰਤ ਸਰਕਾਰ ਨੇ ਥੈਲੇ 'ਚ 50 ਕਿਲੋ ਦੀ ਬਜਾਏ 45 ਕਿਲੋ ਯੂਰੀਆ ਪੈਕ ਕਰਕੇ ਕਿਸਾਨਾਂ ਨੂੰ ਦੇਣਾ ਸ਼ੁਰੂ ਕਰ ਦਿੱਤਾ ਹੈ, ਪਰ ਇਸ ਨਾਲ ਖਪਤ ਫਿਰ ਵੀ ਨਹੀਂ ਘਟੀ। ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਲਈ ਕਿਸਾਨ ਗੋਹੇ ਤੋਂ ਵਰਮੀ ਕੰਪੋਸਟ ਖਾਦ ਤਿਆਰ ਕਰਕੇ ਵੀ ਵਰਤੋਂ ਕਰ ਸਕਦੇ ਹਨ। ਇਸ 'ਚ ਰਸੋਈ 'ਚ ਇਸਤੇਮਾਲ ਕੀਤੀਆਂ ਸਬਜ਼ੀਆਂ ਦੀ ਰਹਿੰਦ-ਖੂੰਹਦ, ਗੋਹੇ ਆਦਿ ਨੂੰ ਵਰਤਿਆ ਜਾ ਸਕਦਾ ਹੈ, ਪ੍ਰੰਤੂ ਮੀਂਹ 'ਚ ਨਿਕਲਣ ਵਾਲੇ ਗੰਡੋਏ ਨਹੀਂ ਵਰਤੇ ਜਾ ਸਕਦੇ। ਵਰਮੀ ਕੰਪੋਸਟ ਬਣਾਉਣ ਲਈ ਤਾਜ਼ੇ ਗੋਹੇ 'ਤੇ 8 ਤੋਂ 10 ਦਿਨ ਪਾਣੀ ਪਾ ਕੇ ਠੰਢਾ ਕਰਕੇ ਵਰਮੀ ਕੰਪੋਸਟ ਲਈ ਵਰਤਿਆ ਜਾ ਸਕਦਾ ਹੈ। ਵਰਮੀ ਕੰਪੋਸਟ ਮਿੱਟੀ ਦੇ ਖਾਰੇ ਰੰਗ ਨੂੰ ਸਹੀ ਬਣਾ ਕੇ ਪੌਦਿਆਂ ਦੇ ਵਿਕਾਸ ਲਈ ਸਾਰੇ ਤੱਤ ਉਪਲੱਬਧ ਕਰਦਾ ਹੈ, ਜਦੋਂ ਕਿ ਰਸਾਇਣਕ ਖਾਦਾਂ ਕੇਵਲ ਇਕ ਜਾਂ ਦੋ ਤੱਤ ਹੀ ਉਪਲੱਬਧ ਕਰਦੀਆਂ ਹਨ, ਪ੍ਰੰਤੂ ਵਰਮੀ ਕੰਪੋਸਟ ਬਹੁਤ ਵੱਡੇ ਰਕਬੇ 'ਤੇ ਵਰਤਿਆ ਜਾਣਾ ਸੰਭਵ ਨਹੀਂ।

ਇਸ ਸਾਲ 35 ਲੱਖ ਹੈਕਟੇਅਰ ਰਕਬੇ 'ਤੇ ਕਣਕ ਦੀ ਕਾਸ਼ਤ ਕੀਤੀ ਗਈ ਹੈ, ਜਿਸ ਲਈ 13.5 ਲੱਖ ਟਨ ਯੂਰੀਆ ਲੋੜੀਂਦਾ ਹੈ। ਕਿਸਾਨਾਂ ਨੂੰ ਡੀ. ਏ. ਪੀ. ਕਣਕ ਦੀ ਬਿਜਾਈ ਵੇਲੇ ਉਪਲੱਬਧ ਨਾ ਹੋਣ ਕਰਕੇ ਬੜੀਆਂ ਮੁਸ਼ਕਿਲਾਂ ਝੱਲਣੀਆਂ ਪਈਆਂ, ਕਿਉਂਕਿ ਡੀ.ਏ.ਪੀ. ਕਣਕ ਦੀ ਬਿਜਾਈ ਵੇਲੇ ਸ਼ੁਰੂ 'ਚ ਹੀ ਵਰਤਣਾ ਪੈਂਦਾ ਹੈ। ਉਸ ਤੋਂ ਬਾਅਦ ਹੁਣ ਯੂਰੀਏ ਦੀ ਘਾਟ ਆ ਗਈ। ਕਿਸਾਨ ਯੂਰੀਆ ਲੈਣ ਸੰਬੰਧੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਡੀ.ਏ.ਪੀ. ਅਤੇ ਯੂਰੀਏ ਦੀ ਘਾਟ ਕਣਕ ਦੀ ਫਸਲ ਨੂੰ ਪ੍ਰਭਾਵਿਤ ਕਰੇਗੀ ? ਇਹ ਦੇਖਣ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਯੂਰੀਏ 'ਤੇ ਜੋ ਵੱਡੀ ਸਬਸਿਡੀ ਦਿੱਤੀ ਜਾਂਦੀ ਹੈ, ਉਸ ਦਾ ਪੂਰਾ ਲਾਭ ਕਿਸਾਨਾਂ ਨੂੰ ਕਿਉਂ ਨਹੀਂ ਪਹੁੰਚਦਾ ? ਯੂਰੀਆ ਦੂਜੇ ਕੰਮਾਂ ਲਈ ਜਿਵੇਂ ਪਲਾਈਵੁੱਡ ਉਦਯੋਗ, ਪਸ਼ੂ ਪਾਲਣ ਲਈ ਫੀਡ ਬਣਾਉਣ ਆਦਿ ਲਈ ਵੀ ਵਰਤਿਆ ਜਾਂਦਾ ਹੈ ਅਤੇ ਦੋਧੀ ਵੀ ਯੂਰੀਏ ਨੂੰ ਦੁੱਧ 'ਚ ਮਿਲਾਉਂਦੇ ਹਨ। ਫਿਰ ਯੂਰੀਆ ਦੀ ਗੈਰ-ਕਾਨੂੰਨੀ ਤਰੀਕੇ ਨਾਲ ਬੰਗਲਾਦੇਸ਼ ਅਤੇ ਨਿਪਾਲ ਆਦਿ ਮੁਲਕਾਂ ਨੂੰ ਵੀ ਤਸਕਰੀ ਹੋ ਜਾਂਦੀ ਹੈ। ਭਾਵੇਂ ਭਾਰਤ ਸਰਕਾਰ ਨੇ ਸਬਸਿਡੀ ਵਾਲਾ ਯੂਰੀਆ ਤੇ ਹੋਰ ਖਾਦ ਵੇਚਣ ਲਈ ਡੀਲਰਾਂ ਕੋਲ ਪੁਆਇੰਟ ਆਫ ਸੇਲ (ਪੀ. ਓ. ਐੱਸ) ਮਸ਼ੀਨਾਂ ਲਗਾਈਆਂ ਹੋਈਆਂ ਹਨ। ਹਰ ਕਿਸਾਨ ਨੂੰ ਯੂਰੀਆ ਖਰੀਦਣ ਲਈ ਆਪਣਾ ਆਧਾਰ ਕਾਰਡ ਅਤੇ ਸ਼ਨਾਖਤ ਦੇ ਸਬੂਤ ਦੇਣੇ ਪੈਂਦੇ ਹਨ। ਕੇਂਦਰ ਸਰਕਾਰ ਨੇ ਗੈਰ-ਜ਼ਰਾਇਤੀ ਕੰਮਾਂ ਲਈ ਯੂਰੀਏ ਦੀ ਵਰਤੋਂ ਰੋਕਣ ਪੱਖੋਂ ਯੂਰੀਆ ਖਰੀਦਣ ਦੀ ਪ੍ਰਤੀ ਕਿਸਾਨ ਹੱਦ ਵੀ ਮੁਕਰਰ ਕੀਤੀ ਹੈ ਅਤੇ ਹੋਰ ਵੀ ਢੰਗ ਵਰਤੇ ਹਨ, ਜਿਵੇਂ ਸਬਸਿਡੀ ਦਾ ਪ੍ਰਚੂਨ ਵਿਕਰੇਤਾ ਰਾਹੀਂ ਵਿਕਰੀ ਹੋਣ 'ਤੇ ਹੀ ਦਿੱਤੇ ਜਾਣਾ ਆਦਿ। ਪਰ ਇਸ ਨਾਲ ਵੀ ਗੈਰ-ਜ਼ਰਾਇਤੀ ਕੰਮਾਂ ਲਈ ਯੂਰੀਏ ਦੀ ਵਰਤੋਂ ਬੰਦ ਪਰ ਨਹੀਂ ਹੋਈ, ਜਿਸ ਦਾ ਕਿਸਾਨਾਂ ਨੂੰ ਹੀ ਨੁਕਸਾਨ ਪਹੁੰਚਦਾ ਹੈ, ਕਿਉਂਕਿ ਉਨ੍ਹਾਂ ਲਈ ਦਿੱਤੀ ਜਾ ਰਹੀ ਸਬਸਿਡੀ ਗੈਰ-ਕਿਸਾਨਾਂ ਕੋਲ ਜਾ ਰਹੀ ਹੈ। ਅਜੋਕੇ ਸਮੇਂ ਵਿਚ ਜਿਸ ਤਰ੍ਹਾਂ ਪੰਜਾਬ ਦੀ ਜ਼ਮੀਨ ਵਿਚ ਜੈਵਿਕ ਮਾਦਾ ਘੱਟ ਰਿਹਾ ਹੈ, ਉਸ ਨੂੰ ਮੁੱਖ ਰੱਖ ਕੇ ਰਸਾਇਣਕ ਖਾਦਾਂ ਦੀ ਵਰਤੋਂ ਘੱਟ ਕਰਨ ਦੀ ਬੇਹੱਦ ਲੋੜ ਹੈ।



# ਨਿੰਬੂ ਜਾਤੀ ਦੇ ਬੂਟਿਆਂ 'ਚ ਕੋਹੜ ਰੋਗ ਦੀ ਸਰਬਪੱਖੀ ਰੋਕਥਾਮ

ਪਰਮਿੰਦਰ ਕੌਰ ਅਤੇ ਸਵਰੀਤ ਖਹਿਰਾ, ਪੀ. ਏ. ਯੂ. ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ

ਪੰਜਾਬ ਦਾ ਵਾਤਾਵਰਨ ਨਿੰਬੂ ਜਾਤੀ ਦੇ ਬੂਟਿਆਂ ਲਈ ਬਹੁਤ ਅਨਕੂਲ ਹੈ ਪਰ ਪੰਜਾਬ 'ਚ ਨਿੰਬੂ ਜਾਤੀ ਦੇ ਬੂਟਿਆਂ ਦੀ ਕਾਸ਼ਤ ਦੌਰਾਨ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਲਦਾਰ ਬੂਟਿਆਂ ਦੀਆਂ ਬਿਮਾਰੀਆਂ ਫਲਾਂ ਦੀ ਉਤਪਾਦਕਤਾ ਵਧਾਉਣ 'ਚ ਮੁੱਖ ਰੁਕਾਵਟਾਂ ਹਨ। ਭਾਵੇਂ ਬਿਮਾਰੀਆਂ ਕਾਰਨ ਸਾਰਾ ਸਾਲ ਫਲਾਂ ਦੀ ਫਸਲ ਦਾ ਨੁਕਸਾਨ ਹੋ ਜਾਂਦਾ ਹੈ ਪਰ ਸਰਦੀ ਦੇ ਮਾੜੇ ਮੌਸਮ ਕਾਰਨ ਨਿੰਬੂ ਜਾਤੀ ਦੇ ਬੂਟੇ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਬਿਮਾਰੀਆਂ ਨਾਲ ਫਲਾਂ ਦੀ ਪੈਦਾਵਾਰ ਅਤੇ ਗੁਣਵੱਤਾ ਘਟਦੀ ਹੈ, ਜਿਸ ਨਾਲ ਭਾਰੀ ਆਰਥਿਕ ਨੁਕਸਾਨ ਹੁੰਦਾ ਹੈ। ਇਸ ਲੇਖ 'ਚ ਨਿੰਬੂ ਜਾਤੀ ਦੇ ਬੂਟਿਆਂ ਨੂੰ ਜ਼ਿਆਦਾ ਨੁਕਸਾਨ ਦੇਣ ਵਾਲੀ ਬਿਮਾਰੀ ਕੋਹੜ ਰੋਗ ਦੇ ਲੱਛਣ ਅਤੇ ਉਸ ਦੀ ਸਰਵਪੱਖੀ ਰੋਕਥਾਮ ਬਾਰੇ ਵਿਸਥਾਰ 'ਚ ਦੱਸਿਆ ਗਿਆ ਹੈ ਤਾਂ ਜੋ ਬਾਗਬਾਨ ਨਿੰਬੂ ਜਾਤੀ ਦੇ ਫਲਾਂ ਤੋਂ ਚੰਗਾ ਝਾੜ ਪ੍ਰਾਪਤ ਕਰ ਸਕਣ।

**ਕੋਹੜ ਰੋਗ (ਕੈਂਕਰ)** : ਇਸ ਬਿਮਾਰੀ ਦਾ ਹਮਲਾ ਜ਼ਿਆਦਾਤਰ ਨਰਸਰੀ ਅਤੇ 2-3 ਸਾਲ ਦੇ ਬੂਟਿਆਂ 'ਤੇ ਹੁੰਦਾ ਹੈ। ਭਾਰੀ ਮੀਂਹ ਅਤੇ ਜ਼ਿਆਦਾ ਸਿੱਲ੍ਹ ਇਸ ਰੋਗ ਦੇ ਵਧਣ 'ਚ ਸਹਾਇਕ ਹੁੰਦੇ ਹਨ। ਇਸ ਬਿਮਾਰੀ ਦੇ ਨਾਲ ਪੱਤਿਆਂ 'ਤੇ ਪੀਲੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਕਿ ਹੌਲੀ-ਹੌਲੀ ਖੁਰਦਰੇ ਹੋ ਕੇ ਭੂਰੇ ਰੰਗ ਦੇ ਹੋ ਜਾਂਦੇ ਹਨ। ਸਮੇਂ ਦੇ ਨਾਲ ਇਹ ਧੱਬੇ ਆਕਾਰ 'ਚ ਵੱਡੇ ਹੋਣੇ ਸ਼ੁਰੂ ਜਾਂਦੇ ਹਨ। ਇਨ੍ਹਾਂ ਧੱਬਿਆਂ ਦੇ ਆਲੇ-ਦੁਆਲੇ ਪੀਲੇ ਰੰਗ ਦੇ ਘੇਰੇ ਬਣ ਜਾਂਦੇ ਹਨ ਅਤੇ ਇਹ ਪੱਤਿਆਂ ਦੇ ਦੋਵੇਂ ਪਾਸੇ ਉੱਭਰੇ ਨਜ਼ਰ ਆਉਂਦੇ ਹਨ। ਕਈ ਵਾਰ ਧੱਬੇ ਆਪਸ 'ਚ ਮਿਲ ਕੇ ਸਾਰਾ ਪੱਤਾ ਢੱਕ ਲੈਂਦੇ ਹਨ ਅਤੇ ਰੋਗੀ ਪੱਤੇ ਝੜ ਜਾਂਦੇ ਹਨ। ਟਾਹਣੀਆਂ 'ਤੇ ਇਹ ਧੱਬੇ ਵਿੰਗੇ-ਟੇਢੇ ਤੇ ਭੂਰੇ ਰੰਗ ਦੇ ਹੁੰਦੇ ਹਨ। ਰੋਗੀ ਟਾਹਣੀਆਂ ਸੁੱਕ ਜਾਂਦੀਆਂ ਹਨ ਅਤੇ ਬੂਟਾ ਵਧਣਾ-ਫੁੱਲਣਾ ਬੰਦ ਕਰ ਦਿੰਦੇ ਹਨ। ਫਲਾਂ ਉੱਪਰ ਇਹ ਧੱਬੇ ਖੁਰਦਰੇ ਤੇ ਕਾਰਕ ਵਾਂਗ ਨਜ਼ਰ ਆਉਂਦੇ ਹਨ ਅਤੇ ਸਿਰਫ ਛਿੱਲ ਤੱਕ ਹੀ ਅਸਰ ਕਰਦੇ ਹਨ ਪਰ ਅਜਿਹੇ ਫਲ ਮੰਡੀਕਰਨ ਦੇ ਕਾਬਲ ਨਹੀਂ ਰਹਿ ਜਾਂਦੇ।

**ਸਰਬਪੱਖੀ ਰੋਕਥਾਮ** : ਕੋਹੜ ਰੋਗ ਤੋਂ ਛੁਟਕਾਰਾ ਪਾਉਣ ਲਈ ਹੇਠ ਲਿਖੇ ਧਿਆਨ ਯੋਗ ਨੁਕਤੇ ਅਪਣਾਓ :

1. ਬਾਗ ਲਾਉਣ ਲਈ ਨਰਸਰੀ 'ਚੋਂ ਹਮੇਸ਼ਾ ਬਿਮਾਰੀ ਰਹਿਤ ਬੂਟੇ ਖਰੀਦੋ।
2. ਰੋਗੀ ਪੱਤਿਆਂ, ਟਾਹਣੀਆਂ ਅਤੇ ਫਲਾਂ ਨੂੰ ਮਈ-ਜੂਨ ਮਹੀਨੇ 'ਚ ਕੱਟ ਕੇ, ਦੱਬ ਕੇ ਜਾਂ ਇਕੱਠਾ ਕਰ ਕੇ ਸਾੜ ਦਿਉ ਅਤੇ ਜ਼ਖਮਾਂ 'ਤੇ ਬੋਰਡੋ ਪੇਸਟ ਲਗਾ ਦਿਉ। ਬੂਟਿਆਂ ਦਾ ਘੇਰਾ ਅਤੇ ਆਲਾ-ਦੁਆਲਾ ਸਾਫ-ਸੁਥਰਾ ਰੱਖੋ।
3. ਰੋਗੀ ਫਲਾਂ ਨੂੰ ਚੰਗੀ ਤਰ੍ਹਾਂ ਨਸ਼ਟ ਕਰ ਦਿਓ।
4. ਇਸ ਦੀ ਰੋਕਥਾਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ + 25 ਗ੍ਰਾਮ ਕਾਪਰ ਸਲਫੇਟ (ਨੀਲਾ ਥੋਥਾ) ਨੂੰ 500 ਲੀਟਰ ਪਾਣੀ 'ਚ ਘੋਲ ਕੇ ਤਿੰਨ ਛਿੜਕਾਅ ਕਰੋ। ਪਹਿਲਾ ਛਿੜਕਾਅ ਅਕਤੂਬਰ, ਦੂਜਾ ਦਸੰਬਰ ਤੇ ਤੀਜਾ ਫਰਵਰੀ 'ਚ ਕਰੋ।
5. ਇਸ ਦੇ ਨਾਲ 50 ਪ੍ਰਤੀਸ਼ਤ ਕਾਪਰ ਆਕਸੀਕਲੋਰਾਈਡ (3 ਗ੍ਰਾਮ ਪ੍ਰਤੀ ਲੀਟਰ ਪਾਣੀ) ਜਾਂ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤੀ ਜਾ ਸਕਦਾ ਹੈ।
6. ਨਰਸਰੀ ਨੂੰ ਇਸ ਬਿਮਾਰੀ ਦੇ ਹਮਲੇ ਤੋਂ ਬਚਾਉਣ ਲਈ ਇਹ ਛਿੜਕਾਅ ਜੁਲਾਈ-ਅਗਸਤ 'ਚ ਕਰੋ।

ਡਾ. ਹਰਪਾਲ ਸਿੰਘ ਰੰਧਾਵਾ, ਅਰਵਿੰਦਰ ਕੌਰ ਤੂਰ ਅਤੇ ਜੇਦੀਪ ਸਿੰਘ ਕੰਗ, ਪੀ ਏ ਯੂ, ਰਿਜ਼ਨਲ ਸਟੇਸ਼ਨ, ਗੁਰਦਾਸਪੁਰ, (ਫੋਨ : 01874220825)

# ਚਾਰੇ ਦਾ ਆਚਾਰ

## ਡੇਅਰੀ ਪਸ਼ੂਆਂ ਲਈ ਸਭ ਤੋਂ ਵਧੀਆ ਆਹਾਰ

ਡੇਅਰੀ ਫਾਰਮਿੰਗ ਇਕ ਬਹੁਤ ਹੀ ਲਾਹੇਵੰਦ ਧੰਦਾ ਹੈ, ਜੋ ਲੱਖਾਂ ਹੀ ਲੋਕਾਂ ਲਈ ਆਮਦਨ ਦਾ ਭਰੋਸੇਯੋਗ ਸਾਧਨ ਹੈ। ਭਾਰਤ ਦੇਸ਼ ਵਿਚ ਸਮਾਜਿਕ-ਆਰਥਿਕ ਤਬਦੀਲੀ ਵਿਚ ਡੇਅਰੀ ਖੇਤਰ ਦਾ ਅਹਿਮ ਯੋਗਦਾਨ ਰਿਹਾ ਹੈ ਅਤੇ ਰਹੇਗਾ, ਕਿਉਂਕਿ ਇਸ ਧੰਦੇ ਨੇ ਰੁਜ਼ਗਾਰ ਦੇ ਬਹੁਤ ਮੌਕੇ ਪੈਦਾ ਕੀਤੇ ਹਨ। ਇਸ ਤੋਂ ਇਲਾਵਾ ਡੇਅਰੀ ਧੰਦਾ, ਮਨੁੱਖੀ ਪਾਲਣ-ਪੋਸ਼ਣ ਸਬੰਧੀ ਫਾਇਦੇਮੰਦ, ਪੇਂਡੂ ਗਰੀਬੀ, ਲੱਖਾਂ ਪੇਂਡੂ ਪ੍ਰੀਵਾਰਾਂ ਲਈ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਆਰਥਿਕ ਵਿਕਾਸ ਨੂੰ ਵਧਾਉਣ ਲਈ ਬਹੁਤ ਮਹੱਤਵਪੂਰਨ ਹੈ। ਦੁੱਧ ਵੇਚ ਕੇ ਗਰੀਬ ਆਦਮੀ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਨੂੰ ਪੂਰਾ ਕਰ ਸਕਦਾ ਹੈ। ਡੇਅਰੀ ਪਸ਼ੂਆਂ ਦੇ ਗੋਹੇ ਤੋਂ ਸ਼ੁੱਧ ਦੇਸੀ ਰੂੜੀ ਤਿਆਰ ਕਰਕੇ, ਫਸਲਾਂ ਲਈ ਖਾਦਾਂ ਦਾ ਖਰਚਾ ਘਟਾਇਆ ਜਾ ਸਕਦਾ ਹੈ ਅਤੇ ਵਾਤਾਵਰਣ ਵੀ ਬਚਾਇਆ ਜਾ ਸਕਦਾ ਹੈ। ਪਸ਼ੂਆਂ ਦੇ ਗੋਹੇ ਤੋਂ ਗੋਬਰ ਗੈਸ ਪਲਾਂਟ ਵੀ ਬੜਾ ਸਫਲਤਾਪੂਰਵਕ ਚਲਾਏ ਜਾ ਸਕਦੇ ਹਨ, ਜਿਸ ਨਾਲ ਰਸੋਈ ਗੈਸ ਦੇ ਖਰਚੇ ਵਿਚ ਵੀ ਕਮੀ ਆਏਗੀ। ਤੁਹਾਡੇ ਡੇਅਰੀ ਦੁੱਧ ਉਤਪਾਦਨ ਦੇ ਕਾਰੋਬਾਰ ਦੀ ਸਫਲਤਾ ਤੁਹਾਡੇ ਦੁਆਰਾ ਵਰਤੇ ਜਾਣ ਫੀਡਿੰਗ ਪ੍ਰੋਗਰਾਮ ਦੁਆਰਾ ਪ੍ਰਭਾਵਿਤ ਹੁੰਦੀ ਹੈ। ਡੇਅਰੀ ਫਾਰਮਿੰਗ ਕਾਰੋਬਾਰ ਲਈ ਫੀਡਿੰਗ ਪ੍ਰੋਗਰਾਮ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ। ਮੱਝਾਂ/ਗਊਆਂ ਅਤੇ ਕੱਟਿਆਂ/ਵੱਛਿਆਂ ਨੂੰ ਵਿਕਾਸ ਦੇ ਸਾਰੇ ਪੜਾਵਾਂ ਅਤੇ ਸਾਰਾ ਸਾਲ, ਸਾਰੇ ਮੌਸਮਾਂ ਵਿਚ ਢੁੱਕਵਾਂ ਪੋਸ਼ਣ ਮੁਹੱਈਆ ਕਰਵਾਇਆ ਜਾਵੇ। ਇਹ ਫੀਡ ਦੀ ਲਾਗਤ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹੀ ਕਾਰਣ ਹੀ ਡੇਅਰੀ ਫਾਰਮਿੰਗ ਦੀ ਆਮਦਨ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਡੇਅਰੀ ਪਸ਼ੂਆਂ ਨੂੰ ਰੱਖ-ਰਖਾਅ ਅਤੇ ਉਤਪਾਦਨ (ਦੁੱਧ, ਮੀਟ, ਪਸ਼ੂਆਂ ਦਾ ਵਿਕਾਸ (ਵਾਧਾ), ਸਮੇਂ ਸਿਰ ਗਰਭ ਹੋਣਾ) ਲਈ ਲੋੜੀਂਦੇ ਸਾਰੇ ਪੌਸ਼ਟਿਕ ਤੱਤਾਂ ਦੀ ਰੋਜ਼ਾਨਾ ਸਪਲਾਈ ਦੀ ਬਹੁਤ ਸਖਤ ਜ਼ਰੂਰਤ ਹੁੰਦੀ ਹੈ। ਮਾੜੇ ਫੀਡਿੰਗ ਪ੍ਰੋਗਰਾਮ ਕਾਰਣ ਡੇਅਰੀ ਦੁੱਧ ਉਤਪਾਦਨ ਦੀ ਆਮਦਨ ਬਹੁਤ ਘੱਟ ਜਾਂਦੀ ਹੈ। ਡੇਅਰੀ ਫਾਰਮਿੰਗ ਦੇ ਫੀਡਿੰਗ ਪ੍ਰੋਗਰਾਮ ਆਮ ਤੌਰ ਤੇ ਪੂਰਕ ਫੀਡ ਦੇ ਨਾਲ, ਚਾਰਗਾਹ ਦੇ ਅਧਾਰਿਤ ਹੁੰਦੇ ਹਨ। ਪੂਰਕ ਫੀਡ ਵਿਚ ਸੁੱਕਾ ਚਾਰਾ, ਹਰਾ ਚਾਰਾ, ਵਿਟਾਮਿਨ, ਕਾਰਬੋਹਾਈਡ੍ਰੇਟਸ, ਪ੍ਰੋਟੀਨ, ਲੂਣ, ਖਣਿਜ, ਚਾਰੇ ਦਾ ਅਚਾਰ, ਵਪਾਰਕ ਪਸ਼ੂ ਫੀਡ ਅਤੇ ਦਾਣੇ ਆਦਿ ਸ਼ਾਮਿਲ ਹੁੰਦੇ ਹਨ। ਇਸ ਲਈ ਡੇਅਰੀ ਧੰਦੇ ਤੋਂ ਪੂਰਨ ਤੌਰ ਕੇ ਲਾਭ ਲੈਣ ਲਈ ਪਸ਼ੂਆਂ ਨੂੰ ਸਾਰਾ ਸਾਲ ਚੰਗੀ ਗੁਣਵਤਾ ਵਾਲੇ ਚਾਰੇ ਦੀ ਲੋੜ ਹੁੰਦੀ ਹੈ। ਚਾਰੇ ਦੀ ਘਾਟ/ਕਮੀ ਡੇਅਰੀ ਪਸ਼ੂਆਂ ਦੀ ਉਤਪਾਦਕਤਾ ਤੇ ਮਾੜਾ ਅਸਰ ਪਾਉਂਦੇ ਹਨ। ਇਸ ਲਈ ਘਾਟ ਦੇ ਦੌਰ ਸਭ ਤੋਂ ਵਧੀਆਂ ਬਦਲ ਚਾਰੇ ਦੀ ਸਹੀ ਸਾਂਭ-ਸੰਭਾਲ ਹੀ ਹੋ ਸਕਦੀ ਹੈ। ਚਾਰੇ ਦਾ ਆਚਾਰ (ਸਾਈਲੇਜ) ਹੀ ਵਧੇਰੇ ਜਾਨਵਰਾਂ ਨੂੰ ਰੱਖਣਾ ਸੰਭਵ ਬਣਾਉਂਦਾ ਹੈ ਅਤੇ ਚਾਰੇ ਦਾ ਆਚਾਰ ਕਿਸੇ ਵੀ ਰੁੱਤ ਵਿਚ ਉੱਚ ਗੁਣਵੱਤਾ ਵਾਲਾ ਰਸਦਾਰ ਫੀਡ ਪ੍ਰਦਾਨ ਕਰਦਾ ਹੈ। ਜਿਵੇਂ ਕਿ ਨਵੰਬਰ-ਦਸੰਬਰ ਅਤੇ ਮਈ-ਜੂਨ ਦੇ ਮਹੀਨਿਆਂ ਵਿਚ ਪਸ਼ੂਆਂ ਲਈ ਹਰੇ ਚਾਰੇ ਦੀ ਸਖਤ ਘਾਟ ਨੂੰ ਚਾਰੇ ਦੇ ਅਚਾਰ ਨਾਲ ਪੂਰਾ ਕੀਤਾ ਜਾ ਸਕਦਾ ਹੈ। ਚਾਰੇ ਦੀਆਂ ਫਸਲਾਂ ਜਿਨ੍ਹਾਂ ਵਿਚ ਨਿਸ਼ਾਸ਼ਤਾ ਜ਼ਿਆਦਾ ਅਤੇ ਪ੍ਰੋਟੀਨ ਘੱਟ ਮਾਤਰਾ ਵਿਚ ਹੁੰਦੀ ਹੈ, ਉਹਨਾਂ ਫਸਲਾਂ ਨੂੰ ਅਚਾਰ ਬਣਾ ਕੇ ਸਾਂਭਿਆ ਜਾ ਸਕਦਾ ਹੈ। ਵਧੀਆ ਕਿਸਮ ਦਾ ਆਚਾਰ ਤਿਆਰ ਕਰਨ ਲਈ ਸਾਉਣੀ ਦੇ ਗੈਰ-ਫਲੀਦਾਰ ਚਾਰੇ ਮੋਟੇ ਤਣੇ ਵਾਲੀਆਂ ਫਸਲਾਂ ਜਿਵੇਂ ਕਿ ਮੱਕੀ, ਚਰ੍ਹੀ, ਬਾਜਰਾ, ਦੋਗਲਾ ਨੇਪੀਅਰ ਬਾਜਰਾ ਅਤੇ ਗਿੰਨੀ ਘਾਹ ਬਹੁਤ ਉੱਤਮ ਹਨ।

| ਸਾਰਣੀ : ਚਾਰਾ ਫਸਲ ਅਤੇ ਉਸ ਦੀ ਕਟਾਈ ਲਈ ਸਹੀ ਸਮਾਂ | |
|---|---|
| **ਫਸਲ** | **ਕਟਾਈ ਦਾ ਸਮਾਂ** |
| ਮੱਕੀ | ਛੱਲੀਆਂ ਵਿਚ ਸੂਤ ਪੈਣ ਤੋਂ ਦੋਧੇ ਬਣਨ ਤੱਕ |
| ਜਵਾਰ | ਗੋਭ ਵਿਚ ਸਿੱਟੇ ਤੋਂ ਦੁੱਧ ਬਣਨ ਤੱਕ |
| ਬਾਜਰਾ | ਨਿਸਰਨ ਵੇਲੇ |
| ਦੋਗਲਾ ਨੇਪੀਅਰ ਬਾਜਰਾ ਅਤੇ ਗਿੰਨੀ ਘਾਹ | ਇਕ ਮੀਟਰ ਉੱਚਾ ਹੋਣ ਤੇ |



**ਕਟਾਈ** : ਪਸ਼ੂਆਂ ਲਈ ਚਾਰੇ ਦਾ ਅਚਾਰ ਤਿਆਰ ਕਰਨ ਲਈ ਫਸਲ ਦੀ ਕਟਾਈ ਉਸ ਸਮੇਂ ਕਰੋ ਜਦੋਂ ਇਹ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੋਵੇ ਤੇਸੁੱਕੇ ਮਾਦੇ ਦੀ ਮਾਤਰਾ ਵੀ ਕਾਫੀ ਹੋਵੇ। ਜੇ ਚਾਰੇ ਵਿਚ 30-35% ਸੁੱਕਾ ਮਾਦਾ ਹੋਵੇ ਤਾਂ ਚਾਰੇ ਦਾ ਅਚਾਰ ਬਹੁਤ ਵਧੀਆ ਬਣਦਾ ਹੈ। ਸਾਉਣੀ ਦੀਆਂ ਚਾਰੇ ਦੀਆਂ ਫਸਲਾਂ ਦਾ ਅਚਾਰ ਤਿਆਰ ਕਰਨ ਲਈ ਫਸਲ ਦੀ ਕਟਾਈ ਦਾ ਢੁੱਕਵਾਂ ਸਮਾਂ ਇਸ ਸਾਰਣੀ ਵਿਚ ਦਿੱਤਾ ਗਿਆ ਹੈ।

ਉੱਪਰ ਦੱਸੇ ਸਮੇਂ ਤੇ ਕੱਟੀਆਂ ਗਈਆਂ ਫਸਲਾਂ ਵਿੱਚ ਲੋੜੀਂਦਾ ਸੁੱਕਾ ਮਾਦਾ ਹੁੰਦਾ ਹੈ। ਫਿਰ ਵੀ ਦੋਗਲੇ ਨੇਪੀਅਰ ਬਾਜਰੇ ਅਤੇ ਗਿੰਨੀ ਘਾਹ ਨੂੰ ਕਟਾਈ ਤੋਂ ਬਾਅਦ ਖੇਤ ਵਿੱਚ ਇਕ-ਦੋ ਦਿਨ ਚੰਗੀ ਧੁੱਪ ਵਿਚ ਸੁੱਕਾ ਲੈਣਾ ਚਾਹੀਦਾ ਹੈ। ਸਿੱਲ੍ਹ ਦੀ ਮਾਤਰਾ ਪਰਖਣ ਲਈ ਕੁਤਰੇ ਹੋਏ ਚਾਰੇ ਨੂੰ ਮਰੋੜ ਕੇ ਹੱਥਾਂ ਵਿਚ ਘੁੱਟੋ। ਜੇ ਹੱਥ ਨੂੰ ਸਿੱਲ੍ਹ ਮਹਿਸੂਸ ਨਹੀਂ ਹੁੰਦੀ ਤਾਂ ਸਮਝੋ ਕਿ ਸੁੱਕੇ ਮਾਦੇ ਦੀ ਲੋੜੀਂਦੀ ਮਾਤਰਾ ਇਸ ਵਿਚ ਮੌਜੂਦ ਹੈ।

**ਆਚਾਰ ਬਣਾਉਣ ਲਈ ਟੋਆ (ਖਾਈ)** : ਟੋਆ/ਖਾਈ ਦਾ ਆਕਾਰ, ਪਸ਼ੂਆਂ ਦੀ ਗਿਣਤੀ, ਹਰੇ ਚਾਰੇ ਦੀ ਮਿਕਦਾਰ ਅਤੇ ਉਸ ਨੂੰ ਜਿੰਨੇ ਸਮੇਂ ਲਈ ਚਾਰਨਾ ਹੈ, ਤੇ ਨਿਰਭਰ ਕਰਦਾ ਹੈ। ਆਮ ਤੌਰ ਤੇ ਇਕ ਘਣ (ਕਿਊਬਿਕ) ਮੀਟਰ ਥਾਂ/ਜਗ੍ਹਾ ਵਿਚ 5-6 ਕੁਇੰਟਲ ਕੱਟਿਆ ਹੋਇਆ ਹਰਾ ਚਾਰਾ ਸੰਭਾਲਿਆ ਜਾ ਸਕਦਾ ਹੈ। ਜੇ ਟੋਏ ਦਾ ਆਕਾਰ 10 ਮੀਟਰ ਲੰਬਾ, 3 ਮੀਟਰ ਚੌੜਾ ਅਤੇ 1.50 ਮੀਟਰ ਡੂੰਘਾ ਹੋਵੇ ਤਾਂ ਇਸ ਵਿਚ 350-400 ਕੁਇੰਟਲ ਹਰਾ ਚਾਰਾ ਬੜੀ ਆਸਾਨੀ ਨਾਲ ਸੰਭਾਲਿਆ ਜਾ ਸਕਦਾ ਹੈ। ਟੋਏ ਦੀ ਲੰਬਾਈ ਅਤੇ ਚੌੜਾਈ, ਡੇਅਰੀ ਪਸ਼ੂਆਂ ਦੀ ਗਿਣਤੀ ਅਤੇ ਉਨ੍ਹਾਂ ਲਈ ਹਰੇ ਚਾਰੇ ਦੀ ਲੋੜ ਅਨੁਸਾਰ ਘੱਟ ਵੱਧ ਕੀਤੀ ਜਾ ਸਕਦੀ ਹੈ। ਪ੍ਰੰਤੂ ਡੂੰਘਾਈ ਹਮੇਸ਼ਾ 1.50 ਤੋਂ 2.00 ਮੀਟਰ ਹੋਣੀ ਚਾਹੀਦੀ ਹੈ। ਟੋਆ/ਖਾਈ ਪਸ਼ੂਆਂ ਦੀ ਢਾਰੇ/ਸ਼ੈਡ ਦੇ ਨੇੜੇ ਉੱਚੀ ਥਾਂ ਤੇ ਬਣਾਉਣਾ ਚਾਹੀਦਾ ਹੈ, ਕਿਉਂਕਿ ਬਰਸਾਤੀ ਪਾਣੀ ਦੀ ਮਾਰ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਇਹ ਟੋਆ ਪੱਮਾ ਅਤੇ ਸੀਮਿੰਟ ਨਾਲ ਪਲੱਸਤਰ ਕੀਤਾ ਹੋਣਾ ਚਾਹੀਦਾ ਹੈ ਜਾਂ ਫਿਰ ਖਾਈ/ਟੋਏ ਥੱਲੜਾ ਪਾਸੇ ਅਤੇ ਟੋਏ ਦਾ ਸਾਰਾ ਆਲਾ-ਦੁਆਲਾ ਕਾਲੀ ਪੋਲੀਥੀਆਨ (ਤਰਪਾਲ) ਨਾਲ ਢੱਕ ਲਓ (ਫੋਟੋ 1)



ਫੋਟੋ 1 : ਕਾਲੀ ਪੋਲੀਥੀਆਨ (ਤਰਪਾਲ) ਨਾਲ ਢੱਕਦੇ ਹੋਏ।

### ਹਰੇ ਚਾਰੇ ਦਾ ਆਚਾਰ ਬਣਾਉਣ ਲਈ ਵਿਧੀ

★ ਆਚਾਰ ਲਈ ਕੱਟੀ ਹੋਈ ਫਸਲ ਦਾ 5 ਤੋਂ 8 ਸੈਂਟੀਮੀਟਰ ਦੇ ਹਿਸਾਬ ਨਾਲ ਟੋਕੇ ਦੀ ਗਰਾਰੀ ਦੀ ਚਾਲ ਘਟਾ/ਢਿੱਲੀ ਕਰਕੇ ਕੁਤਰਾ ਕਰ ਲਓ ਤੇ ਇਸ ਨੂੰ ਟੋਏ ਵਿਚ ਭਰ ਦਿਓ।

★ ਟੋਏ ਵਿਚ ਕੁਤਰ ਕੇ ਪਾਏ ਚਾਰੇ ਨੂੰ ਟਰੈਕਟਰ ਜਾਂ ਪਸ਼ੂਆਂ ਦੀ ਸਹਾਇਤਾ ਨਾਲ ਚੰਗੀ ਤਰ੍ਹਾਂ ਦਬਾ ਦਿਓ ਤੇ ਇਸ ਨੂੰ ਜ਼ਮੀਨ ਦੀ ਸਤਹ/ਪੱਧਰ ਤੋਂ ਇਕ ਮੀਟਰ ਦੀ ਉੱਚਾਈ ਤੱਕ ਹੀ ਰੱਖੋ। ਵਧੀਆ ਕੁਆਲਿਟੀ ਦਾ ਆਚਾਰ ਤਿਆਰ ਕਰਨ ਲਈ ਜ਼ਰੂਰੀ ਹੈ ਕਿ ਹਰ ਅੱਧ ਮੀਟਰ ਦੀ ਚਾਰੇ ਦੀ ਤਹਿ ਨੂੰ ਚੰਗੀ ਤਰ੍ਹਾਂ ਦਬਾ ਲੈਣਾ ਚਾਹੀਦਾ ਹੈ।

★ ਫਸਲ ਵਿਚ 30-35% ਸੁੱਕਾ ਮਾਦਾ ਹੋਣਾ ਜ਼ਰੂਰੀ ਹੈ। ਜੇਕਰ ਚਾਰੇ ਵਿਚ ਨਮੀਂ ਦੀ ਮਾਤਰਾ ਜ਼ਿਆਦਾ ਹੋਵੇ ਕੱਟੀ ਹੋਈ ਫਸਲ ਨੂੰ 1-2 ਦਿਨ ਖੇਤ ਵਿਚ ਹੀ ਪਈ ਰਹਿਣ ਦਿਉ।

★ ਇਸ ਚਾਰੇ ਨੂੰ 10-15 ਸੈਂਟੀਮੀਟਰ ਮੋਟੀ ਕੁਤਰੀ ਕੜਬ ਜਾਂ ਤੂੜੀ ਦੀ ਤਹਿ ਨਾਲ ਢੱਕ ਦਿਓ ਅਤੇ ਉੱਪਰ ਗਾਰਾ ਪਾ ਕੇ ਲੇਪ ਦਿਓ ਤਾਂ ਕਿ ਖਾਈ/ਟੋਆ ਪੂਰੀ ਤਰ੍ਹਾਂ ਹਵਾ ਬੰਦ ਹੋ ਜਾਵੇ। ਗਾਰੇ ਦੀ ਥਾਂ ਪਲਾਸਟਿਕ ਦੀ ਚਾਦਰ ਵੀ ਵਰਤੀ ਜਾ ਸਕਦੀ ਹੈ ਅਤੇ ਚਾਦਰ ਦੇ ਸਿਰੇ ਗੋਹੇ ਤੇ ਚੀਕਣੀ ਮਿੱਟੀ ਨਾਲ ਹਵਾ ਬੰਦ ਕਰ ਦਿੱਤੇ ਜਾਂਦੇ ਹਨ। ਇਸ ਲੇਪ ਦੀ ਨਿਗਰਾਨੀ ਕਰਦੇ ਰਹੋ ਅਤੇ ਤਰੇੜਾਂ ਪੈਣ ਤੋਂ ਬਚਾ ਕੇ ਰੱਖੋ। ਗਾਰੇ ਦੀ ਲੇਪ ਵਿਚ ਤਰੇੜਾਂ/ਮੋਰੀਆਂ ਨੂੰ ਲਗਾਤਾਰ ਛੇਤੀ-ਛੇਤੀ ਬੰਦ ਕਰਦੇ ਰਹੋ। ਇਹ ਆਚਾਰ 45 ਦਿਨਾਂ ਵਿਚ ਤਿਆਰ ਹੋ ਜਾਂਦਾ ਹੈ।

★ ਚੰਗੇ ਆਚਾਰ ਦੀ ਪੀ ਐਚ (ਤੇਜ਼ਾਬੀਪਣ) 4.50 ਹੁੰਦੀ ਹੈ ਅਤੇ ਇਸ ਵਿਚ ਨਾਈਟ੍ਰੋਜਨ ਤੱਤ ਦਾ ਨੁਕਸਾਨ ਵੀ ਘੱਟ ਹੁੰਦਾ ਹੈ। ਚੰਗੇ ਚਾਰੇ ਦੇ ਆਚਾਰ ਦੇ ਖੁਰਾਕੀ ਤੱਤ ਲਗਭਗ ਹਰੇ ਚਾਰੇ ਵਾਲੇ ਹੀ ਹੁੰਦੇ ਹਨ ਪਰ ਇਸ ਵਿਚ ਲੈਕਟਿਕ ਐਸਿਡ ਜ਼ਿਆਦਾ ਅਤੇ ਬਿਊਟੇਰਿਕ ਐਸਿਡ ਦਾ ਤੱਤ ਘੱਟ ਹੁੰਦਾ ਹੈ।

★ ਪਸ਼ੂਆਂ ਨੂੰ ਆਚਾਰ ਪਾਉਣ ਲਈ ਖਾਈ ਨੂੰ ਇੱਕ ਪਾਸਿਉਂ (ਫੋਟੋ 1) ਖੋਲ੍ਹੋ ਅਤੇ ਲੋੜ ਅਨੁਸਾਰ ਆਚਾਰ ਕੱਢੋ। ਬਾਕੀ ਆਚਾਰ ਚੰਗੀ ਤਰ੍ਹਾਂ ਢੱਕ ਕੇ ਹੀ ਰੱਖੋ ਤਾਂ ਜੋ ਦੇਰ ਤੱਕ ਵਰਤਣ ਨਾਲ ਵੀ ਖਰਾਬ ਨਾ ਹੋਵੇ।

### ਪਸ਼ੂਆਂ ਨੂੰ ਆਚਾਰ ਖਵਾਉਣਾ

ਹੋ ਸਕਦਾ ਹੈ ਕਿ ਪਸ਼ੂ ਪਹਿਲੇ ਕੁਝ ਦਿਨ ਅਚਾਰ ਪਸੰਦ ਨਾ ਕਰਨ। ਇਸ ਲਈ ਪਹਿਲੇ 5-6 ਦਿਨ 5-10 ਕਿਲੋ ਅਚਾਰ ਹਰੇ ਚਾਰੇ ਵਿਚ ਰਲਾ ਕੇ ਉਨ੍ਹਾਂ ਨੂੰ ਅਚਾਰ ਖਾਣ ਦੀ ਆਦਤ ਪਾਓ। ਬਾਅਦ ਵਿਚ ਹਰ ਪਸ਼ੂ ਨੂੰ 20-30 ਕਿਲੋ ਅਚਾਰ ਰੋਜ਼ਾਨਾ ਦੂਸਰੇ ਚਾਰਿਆ ਨਾਲ ਮਿਲਾ ਕੇ ਦਿੱਤਾ ਜਾ ਸਕਦਾ ਹੈ।

### ਚਾਰਾ ਸੁਕਾਉਣਾ (ਹੇਅ ਮੇਕਿੰਗ)

ਪਸ਼ੂਆਂ ਲਈ ਚਾਰੇ ਨੂੰ ਸੁਕਾ ਕੇ ਸਾਂਭਣ ਦਾ ਭਾਅ ਹੈ ਕਿ ਉਸ ਵਿਚਲੀ ਸਿੱਲ੍ਹ/ਨਮੀਂ ਦੀ ਮਾਤਰਾ 15 ਪ੍ਰਤੀਸ਼ਤ ਤੋਂ ਜ਼ਿਆਦਾ ਨਾ ਰਹੇ ਅਤੇ ਉਸ ਦੇ ਪੌਸ਼ਟਿਕ ਤੱਤਾਂ ਵਿਚ ਕੋਈ ਘਾਟ ਨਾ ਆਵੇ। ਨਰਮ ਤਣਿਆਂ ਵਾਲੇ ਫਲੀਦਾਰ ਹਰੇ ਚਾਰੇ ਜਿਵੇਂ ਰਵਾਂਹ ਆਦਿ ਸੁਕਾਉਣ ਲਈ ਬਹੁਤ ਵਧੀਆ ਹਨ। ਫਲੀਦਾਰ ਚਾਰੇ ਨੂੰ ਸੁਕਾਉਣ ਵੇਲੇ ਪੱਤੇ ਝੜਨ ਤੋਂ ਬਚਾਉਣੇ ਬਹੁਤ ਜ਼ਰੂਰੀ ਹਨ। ਗੈਰ-ਫਲੀਦਾਰ ਚਾਰੇ ਜਿਵੇਂ ਮੱਕੀ, ਜੁਆਰ, ਬਾਜਰਾ ਆਦਿ ਸੁਕਾਏ ਚਾਰੇ ਨਾਲੋਂ, ਅਚਾਰ ਤਿਆਰ ਕਰਨ ਦੇ ਜ਼ਿਆਦਾ ਯੋਗ ਹਨ। ਸੁੱਕਾ ਚਾਰਾ (ਹੇਅ ਮੇਕਿੰਗ) ਤਿਆਰ ਕਰਨ ਲਈ ਫੁੱਲ ਪੈਣ ਸਮੇਂ ਫਸਲ ਦੀ ਕਟਾਈ ਕਰ ਲੈਣੀ ਬਹੁਤ ਜਰੂਰੀ ਹੈ। ਇਸ ਕੱਟੀ ਫਸਲ ਦਾ 5 ਤੋਂ 8 ਸੈਂਟੀਮੀਟਰ ਦੀ ਲੰਬਾਈ ਦਾ ਕੁਤਰਾ ਟੋਕੇ ਦੀ ਚਾਲ ਢਿੱਲੀ ਕਰਕੇ ਕਰ ਲਉ। ਫਿਰ ਇਸ ਕੁਤਰਾ ਕੀਤੇ ਹੋਏ ਚਾਰੇ ਨੂੰ ਸੁਕਾਉਣ ਲਈ ਸਧਾਰਨ ਪਿੜ ਦੀ ਵਰਤੋਂ ਕੀਤੀ ਜਾ ਸਕਦਾ ਹੈ। ਚਾਰੇ ਨੂੰ ਛੇਤੀ ਸੁਕਾਉਣ ਲਈ ਇਸ ਨੂੰ ਤਰੰਗਲੀ/ਸਾਂਗਾ ਆਦਿ ਨਾਲ ਹਰ ਦੋ ਤਿੰਨ ਘੰਟਿਆਂ ਬਾਅਦ ਹਿਲਾਉਂਦੇ ਰਹੋ। ਜਦੋਂ ਚਾਰਾ-ਚੰਗੀ ਤਰ੍ਹਾਂ ਸੁੱਕ ਜਾਵੇ (ਇਸ ਕੰਮ ਲਈ ਆਮ ਤੌਰ ‘ਤੇ 2-3 ਦਿਨ ਲੱਗ ਜਾਂਦੇ ਹਨ) ਸਟੋਰ ਕਰਨ ਤੋਂ ਪਹਿਲਾਂ ਇਸ ਦੀ ਨਮੀ ਪਰਖਣ ਲਈ ਹੱਥ ਨਾਲ ਕੁਝ ਡਾਲਾਂ/ਕੁਤਰੇ ਨੂੰ ਮਰੋੜੀ ਦਿਓ। ਜੇ ਇਹ ਸੌਖਿਆਂ ਹੀ ਟੁੱਟ ਜਾਣ ਤਾਂ ਸਮਝੋ ਕਿ ਚਾਰਾ ਸਟੋਰ ਕਰਨ ਲਈ ਤਿਆਰ ਹੈ। ਇਸ ਨੂੰ ਤੂੜੀ ਭੰਡਾਰ ਕਰਨ ਵਾਲੇ ਕਮਰੇ/ਕੋਠੇ ਵਿਚ ਹੀ ਭੰਡਾਰ ਕੀਤਾ ਜਾ ਸਕਦਾ ਹੈ। ਇਕ ਕਿਲੋ ਸੁਕਾਇਆ ਹਰਾ ਚਾਰਾ ਜਿਸ ਵਿਚ 90 ਪ੍ਰਤੀਸ਼ਤ ਸੁੱਕਾ ਮਾਦਾ ਹੁੰਦਾ ਹੈ, ਉਹ 6 ਕਿਲੋ ਹਰੇ ਚਾਰੇ ਦੇ ਬਰਾਬਰ ਹੈ ਜਿਸ ਵਿਚ 15 ਪ੍ਰਤੀਸ਼ਤ ਸੁੱਕਾ ਮਾਦਾ ਹੁੰਦਾ ਹੈ।

# 21 ਕਰੋੜੀ ਘੋੜਾ ਬਣਿਆ ਖਿੱਚ ਦਾ ਕੇਂਦਰ

## ★ ਮਾਘੀ ਮੌਕੇ ਕੌਮੀ ਪਸ਼ੂ ਮੇਲੇ ਵਿੱਚ ਦੇਸ਼ ਭਰ ਤੋਂ ਪੁੱਜੇ ਪਸ਼ੂ-ਪਾਲਕ ★ 21 ਕਰੋੜੀ ਘੋੜੇ ਦੀ ਉਮਰ ਸਾਢੇ ਤਿੰਨ ਸਾਲ ਤੇ ਕੱਦ ਹੈ 72 ਇੰਚ

ਮੇਲਾ ਮਾਘੀ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਲਗਾਏ ਕੌਮੀ ਪਸ਼ੂ-ਮੇਲੇ ਵਿੱਚ ਪੰਜਾਬ ਤੋਂ ਇਲਾਵਾ ਵੱਖ-ਵੱਖ ਸੂਬਿਆਂ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਹਿਮਾਚਲ ਪ੍ਰਦੇਸ਼ ਸਮੇਤ ਦੇਸ਼ ਭਰ ਤੋਂ ਪਸ਼ੂ-ਪਾਲਕ ਘੋੜੇ, ਕਚੇਰਾ, ਕੁੱਤੇ ਅਤੇ ਹੋਰ ਕਈ ਨਸਲਾਂ ਦੇ ਜਾਨਵਰ ਲੈ ਕੇ ਪਹੁੰਚੇ। ਇਸ ਮੰਡੀ ਵਿੱਚ ਜ਼ਿਆਦਾਤਰ ਵਪਾਰੀ ਘੋੜੇ ਲੈ ਕੇ ਪੁੱਜੇ। ਘੋੜਿਆਂ ਦੀ ਕੀਮਤ ਕਰੋੜਾਂ ਰੁਪਏ ਵਿੱਚ ਹੈ। ਘੋੜਿਆਂ ਵਿੱਚ ਵੱਖ-ਵੱਖ ਨਸਲਾਂ ਵਿੱਚ ਮਾਰਵਾੜੀ, ਸਿੰਧੀ ਘੋੜੇ ਅਤੇ ਛੋਟੇ ਕੱਦ ਦੇ ਹਿਮਾਚਲੀ ਘੋੜੇ ਖਿੱਚ ਦਾ ਕੇਂਦਰ ਬਣੇ ਹੋਏ ਹਨ। ਸਭ ਤੋਂ ਮਹਿੰਗੇ ਘੋੜੇ ਮਾਰਵਾੜੀ ਨਸਲ ਦੇ ਹਨ।

ਬਾਦਲ ਸਟੱਡ ਫਾਰਮ ਤੋਂ ਡੇਵਿਡ ਨਾਂ ਦਾ ਮਾਰਵਾੜੀ ਨਸਲ ਦਾ ਕਾਲਾ ਘੋੜਾ ਮੰਡੀ ਵਿੱਚ ਲਿਆਂਦਾ ਗਿਆ ਹੈ, ਜਿਸ ਦੀ ਕੀਮਤ ਸਭ ਤੋਂ ਵੱਧ 21 ਕਰੋੜ ਰੁਪਏ ਹੈ। ਘੋੜੇ ਦੀ ਉਮਰ ਸਾਢੇ ਤਿੰਨ ਸਾਲ ਹੈ ਅਤੇ ਇਸ ਦਾ ਕੱਦ 72 ਇੰਚ ਹੈ। ਸਟੱਡ ਫਾਰਮ ਦੇ ਵਿਕਰਮਜੀਤ ਸਿੰਘ ਬਰਾੜ ਅਨੁਸਾਰ ਇਹ ਘੋੜਾ ਪੂਰੇ ਭਾਰਤ ਦਾ ਸਭ ਤੋਂ ਲੰਬਾ ਘੋੜਾ ਹੈ। ਖੂਬਸੂਰਤੀ ਹੀ ਇਸ ਦੀ ਵਿਸ਼ੇਸ਼ਤਾ ਹੈ। ਵਿਕਰਮ ਨੇ ਦੱਸਿਆ ਕਿ ਡੇਵਿਡ ਘੋੜੇ ਦੀ ਕੋਈ ਖਾਸ ਖੁਰਾਕ ਨਹੀਂ ਹੈ। ਸਰਦੀਆਂ ਵਿੱਚ ਇਸ ਨੂੰ ਛੋਲੇ, ਬਾਜਰਾ, ਮੋਠ ਅਤੇ ਚੋਕਰ ਦਿੱਤਾ ਜਾਂਦਾ ਹੈ। ਇਹ ਇੱਕ ਦਿਨ ਵਿੱਚ ਸੱਤ ਕਿਲੋ ਤੋਂ ਵੱਧ ਭੋਜਨ ਖਾਂਦਾ ਹੈ। ਗਰਮੀਆਂ ਵਿੱਚ ਉਸ ਨੂੰ ਜੌਂ ਅਤੇ ਛੋਲਿਆਂ ਦਾ ਚੂਰਾ ਬਣਾ ਕੇ ਦਿੱਤਾ ਜਾਂਦਾ ਹੈ। ਇਸ ਦੀ ਖੂਬਸੂਰਤੀ ਇਸ ਤੱਥ ਵਿੱਚ ਵੀ ਹੈ ਕਿ ਇਸ ਦੇ ਤਿੰਨ ਪੈਰ ਚਿੱਟੇ ਅਤੇ ਇੱਕ ਕਾਲਾ ਹੈ। ਮੱਥਾ ਵੀ ਚਿੱਟਾ ਹੈ। ਵਿਕਰਮ ਨੇ ਦੱਸਿਆ ਕਿ ਜਦੋਂ ਇਹ ਘੋੜਾ ਪੈਦਾ ਹੋਇਆ ਸੀ ਤਾਂ ਇਸ ਦੇ ਜਨਮ ਦੇ ਇੱਕ ਘੰਟੇ ਦੇ ਅੰਦਰ ਹੀ ਸਾਡੇ ਇੱਕ ਦੋਸਤ ਨੇ ਇਸ ਦੀ ਕੀਮਤ 1 ਕਰੋੜ ਰੁਪਏ ਰੱਖੀ ਸੀ, ਪਰ ਅਸੀਂ ਉਸ ਸਮੇਂ ਇਸ ਨੂੰ ਨਹੀਂ ਵੇਚਿਆ ਸੀ। ਇਸ ਸਮੇਂ ਇਸ ਨੂੰ ਦੇਖਣ ਲਈ ਦੂਰ-ਦੂਰ ਤੋਂ ਲੋਕ ਆ ਰਹੇ ਹਨ।


ਘੋੜਾ ਮੰਡੀ ਵਿੱਚ 72 ਇੰਚੀ ਨੁੱਕਰਾ ਘੋੜਾ ਲੈ ਕੇ ਪੁੱਜੇ ਵਿੱਕੀ ਬਰਾੜ।

### ਛੋਟੇ ਕੱਦ ਦਾ ਹਿਮਾਚਲੀ ਘੋੜਾ ਵੀ ਬਣਿਆ ਖਿੱਚ ਦਾ ਕੇਂਦਰ

ਮੰਡੀ ਵਿੱਚ ਛੋਟੇ ਕੱਦ ਦਾ ਹਿਮਾਚਲੀ ਨਸਲ ਦਾ ਘੋੜਾ ਵੀ ਖਿੱਚ ਦਾ ਕੇਂਦਰ ਬਣਿਆ ਰਿਹਾ। ਇਸ ਘੋੜੇ ਨੂੰ ਦੇਖਣ ਲਈ ਬਹੁਤ ਲੋਕ ਆ ਰਹੇ ਹਨ। ਸਟੱਡ ਮਾਲਕ ਸੁਖਜਿੰਦਰ ਸਿੰਘ ਬਰਾੜ ਵਾਸੀ ਪਿੰਡ ਉਦੇਕਰਨ ਨੇ ਦੱਸਿਆ ਕਿ ਇਹ ਛੋਟਾ ਘੋੜਾ ਹੈ। ਇਸ ਦੀ ਉਚਾਈ ਛੋਟੀ ਰਹਿੰਦੀ ਹੈ। ਇਹ ਸਵਾਰੀ ਲਈ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ। ਇਸ ਦੀ ਕੀਮਤ ਸਾਢੇ ਤਿੰਨ ਲੱਖ ਰੁਪਏ ਹੈ। ਇਹ ਘੋੜਾ ਪੰਜ ਸਾਲ ਦਾ ਹੈ। ਇਸ 'ਤੇ ਬੱਚੇ ਸਵਾਰੀ ਕਰਦੇ ਹਨ ਅਤੇ ਖਾਸ ਗੱਲ ਇਹ ਹੈ ਕਿ ਇਹ ਘੋੜੇ ਸ਼ਾਂਤ ਸੁਭਾਅ ਦੇ ਹਨ। ਉਸ ਨੇ ਦੱਸਿਆ ਕਿ ਮੇਰੇ ਪਿੰਡ ਦੇ ਬੱਚੇ ਮੋਬਾਈਲ ਗੇਮਾਂ ਛੱਡ ਕੇ ਇਸ ਘੋੜੇ 'ਤੇ ਸਵਾਰੀ ਸਿੱਖ ਰਹੇ ਹਨ। ਇਸੇ ਤਰ੍ਹਾਂ ਸਿੰਧੀ ਨਸਲ ਦੇ ਘੋੜੇ ਵੀ ਮੇਲੇ ਵਿੱਚ ਵੱਖਰੇ ਤੌਰ 'ਤੇ ਦੇਖਣ ਨੂੰ ਮਿਲੇ। ਰਾਜਸਥਾਨ ਤੋਂ ਰਾਜਸਥਾਨੀ ਮਾਰਵਾੜੀ ਨਸਲ ਦੇ ਘੋੜੇ ਵੀ ਲਿਆਂਦੇ ਗਏ। ਸਿੰਧੀ ਨਸਲ ਦੇ ਘੋੜੇ ਦੇ ਮਾਲਕ ਨੇ ਦੱਸਿਆ ਕਿ ਹਰਿਆਣਾ ਦੇ ਕੁਰੂਕਸ਼ੇਤਰ ਵਿੱਚ ਮਿਲਕ ਟਿਬ ਮੁਕਾਬਲਾ ਹੋਇਆ ਸੀ, ਜਿਸ ਵਿੱਚ ਉਨ੍ਹਾਂ ਦਾ ਘੋੜਾ ਚੈਂਪੀਅਨ ਬਣਿਆ। ਇਸੇ ਲਈ ਅਸੀਂ ਇਸ ਨੂੰ ਚੈਂਪੀਅਨ ਵੀ ਕਹਿੰਦੇ ਹਾਂ। ਫਤਿਹਗੜ੍ਹ ਸਾਹਿਬ ਦੇ ਸਟੱਡ ਮਾਲਕ ਹੈਰੀ ਨੇ ਦੱਸਿਆ ਕਿ ਉਨ੍ਹਾਂ ਕੋਲ ਨੁਕਰਾਂ ਨਸਲ ਦੇ ਘੋੜੇ ਪੰਜਾਬ ਦੇ ਹਨ। ਉਸ ਕੋਲ ਸੰਜੂ ਮਾਨ ਬਿਹਾਰ ਨਸਲ ਦੇ ਘੋੜੇ ਵੀ ਹਨ। ਕਚੇਰਾ ਜਾਨਵਰ ਖਰੀਦਣ ਲਈ ਲੋਕ ਦੂਰ-ਦੂਰ ਤੋਂ ਆ ਰਹੇ ਹਨ।

# ਗੁਰਬਾਣੀ ਦੇ ਸਿਧਾਂਤ 'ਤੇ ਚੱਲ ਕੇ ਹੀ ਖੇਤੀ ਬਣ ਸਕਦੀ ਹੈ ਲਾਹੇਵੰਦ – ਅਵਤਾਰ ਸਿੰਘ

ਮੌਜੂਦਾ ਦੌਰ 'ਚ ਜਿੱਥੇ ਇਹ ਮੰਨਿਆ ਜਾ ਰਿਹਾ ਹੈ ਕਿ ਖੇਤੀ ਹੁਣ ਲਾਹੇਵੰਦਾ ਕਿੱਤਾ ਨਹੀਂ ਰਹੀ, ਉੱਥੇ ਹੀ ਇਕ ਅਜਿਹਾ ਅਗਾਂਹਵਧੂ ਕਿਸਾਨ ਹੈ, ਜੋ ਗੁਰਬਾਣੀ ਦੇ ਸਿਧਾਂਤ 'ਤੇ ਚੱਲ ਕੇ ਹੀ ਖੇਤੀ ਦਾ ਕੁਦਰਤੀਕਰਨ ਕਰਕੇ ਨਾ ਸਿਰਫ ਆਪ ਖੁਸ਼ਹਾਲ ਕਿਸਾਨ ਬਣਿਆ ਹੈ ਬਲਕਿ ਹੁਣ ਹੋਰ ਵੀ ਕਿਸਾਨਾਂ ਲਈ ਪ੍ਰੇਰਨਾਸਰੋਤ ਬਣ ਰਿਹਾ ਹੈ। ਇਹ ਕਿਸਾਨ ਹਨ ਫਗਵਾੜਾ ਦੇ ਅਵਤਾਰ ਸਿੰਘ, ਜੋ ਕੁਦਰਤੀ ਖੇਤੀ ਤੇ ਜੰਗਲ ਦੇ ਸਿੱਧਾਂਤ ਤਹਿਤ ਕਿਸਾਨੀ ਕਰਦੇ ਆ ਰਹੇ ਹਨ ਅਤੇ ਹੁਣ ਇਸ ਸਥਿਤੀ 'ਚ ਹਨ ਕਿ ਉਹ ਦੂਸਰੇ ਕਿਸਾਨਾਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੀ ਸੇਧ ਲੈ ਕੇ ਕਿਸਾਨੀ ਨੂੰ ਲਾਹੇਵੰਦ ਕਿੱਤਾ ਬਣਾਉਣ ਲਈ ਪ੍ਰੇਰਤ ਕਰ ਰਹੇ ਹਨ।

ਅਵਤਾਰ ਸਿੰਘ, ਜਿਨ੍ਹਾਂ ਨੇ 1980ਵਿਆਂ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਅਪਲਾਇਡ ਕੈਮਿਸਟਰੀ 'ਚ ਐੱਮ ਐੱਸ ਸੀ ਦੀ ਡਿਗਰੀ ਪਾਸ ਕੀਤੀ ਸੀ, ਨੇ ਨੌਕਰੀ ਕਰਨ ਦੀ ਬਜਾਏ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਕੁਦਰਤੀ ਖੇਤੀ ਕਰਨ ਦਾ ਬੀੜਾ ਚੁੱਕਿਆ ਸੀ। ਉਹ ਪਿਛਲੇ ਕਰੀਬ 4 ਦਹਾਕਿਆਂ ਤੋਂ ਇਸ ਸਿਧਾਂਤ 'ਤੇ ਡੱਟ ਕੇ ਪਹਿਰਾ ਦੇ ਰਹੇ ਹਨ ਅਤੇ ਉੱਨਤ ਖੇਤੀ ਕਰ ਕੇ ਖੁਸ਼ਹਾਲ ਜੀਵਨ ਬਿਤਾ ਰਹੇ ਹਨ। ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ 43 ਏਕੜ ਜ਼ਮੀਨ ਹੈ, ਜਿਸ 'ਚ ਉਹ ਖੇਤੀ ਕਰਦੇ ਆ ਰਹੇ ਹਨ। ਸਭ ਤੋਂ ਪਹਿਲਾਂ ਉਨ੍ਹਾਂ ਨੇ ਮੈਥੇ ਦੀ ਖੇਤੀ ਸ਼ੁਰੂ ਕੀਤੀ ਸੀ, ਜਿਸ ਦਾ ਰੁਝਾਨ ਦੇਸ਼ 'ਚ ਕਾਫੀ ਪੈਦਾ ਹੋਇਆ ਸੀ। ਇਸੇ ਦੌਰਾਨ 2001 'ਚ ਕਰਨਾਟਕ ਤੇ ਮਹਾਰਾਸ਼ਟਰ ਤੋਂ ਆਏ ਕਿਸਾਨਾਂ ਤੇ ਖੇਤੀ ਮਾਹਰਾਂ ਦੇ ਵਫਦ ਵੱਲੋਂ ਗੰਨੇ 'ਕੱਲੀ-'ਕੱਲੀ ਪੋਰੀ ਲਾ ਕੇ ਬਿਜਾਈ ਕਰਨ ਦੇ ਦੱਸੇ ਗਏ ਢੰਗ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਵੀ ਇਹ ਵਿਧੀ ਅਪਣਾਈ। ਇਸ ਦੇ ਚੰਗੇ ਨਤੀਜੇ ਆਉਣ ਤੋਂ ਬਾਅਦ ਪੰਜਾਬ 'ਚ ਹੋਰ ਕਿਸਾਨਾਂ ਨੇ ਵੀ ਇਸ ਵਿਧੀ ਨੂੰ ਅਪਣਾਇਆ। ਉਨ੍ਹਾਂ ਵੱਲੋਂ ਕਿਸਾਨਾਂ ਨੂੰ ਖੇਤੀ ਦਾ ਕੁਦਰਤੀਕਰਨ ਤੇ ਜੰਗਲ ਦੇ ਸਿਧਾਂਤ ਮੁਤਾਬਕ ਖੇਤੀ ਕਰਨ ਲਈ ਪ੍ਰੇਰਤ ਕਰਨ ਵਾਸਤੇ ਬੰਗਾ ਨੂੰ ਜਾਂਦੇ ਹਾਈਵੇ 'ਤੇ ਸੱਜੇ ਹੱਥ ਪਿੰਡ ਕੁਲਥਮ 'ਚ ਆਪਣਾ ਕੁਦਰਤੀ ਖੇਤੀ ਪ੍ਰਦਰਸ਼ਨੀ ਪਲਾਂਟ ਲਾਇਆ ਹੋਇਆ ਹੈ। ਇਸ ਤੋਂ ਇਲਾਵਾ ਫਗਵਾੜਾ, ਨਕੋਦਰ ਦੇ ਕਸਬੇ ਸ਼ੰਕਰ, ਗੁਰਾਇਆ ਨੇੜੇ ਧੁਲੇਤਾ ਤੇ ਪਿੰਡ ਵਿਰਕ 'ਚ ਵੀ ਪ੍ਰਦਰਸ਼ਨੀ ਪਲਾਂਟ ਲਾਏ ਹੋਏ ਹਨ। ਇਨ੍ਹਾਂ ਪ੍ਰਦਰਸ਼ਨੀ ਪਲਾਂਟਾਂ 'ਚ ਉਹ ਕਿਸਾਨਾਂ ਨੂੰ ਬੁਲਾ ਕੇ ਗੁਰਬਾਣੀ ਦੇ ਸਿਧਾਂਤ ਮੁਤਾਬਕ ਖੇਤੀ ਕਰਨ ਲਈ ਜਾਣੂ ਕਰਵਾਉਣ ਦੇ ਨਾਲ ਹੀ ਰਸਾਇਣਕ ਖੇਤੀ ਤੋਂ ਖਹਿੜਾ ਛੁਡਾ ਕੇ ਅਨਜਾਂ ਰਾਹੀਂ ਖਾਧੇ ਜਾ ਰਹੇ ਜ਼ਹਿਰਾਂ ਤੋਂ ਬਚਣ ਲਈ ਪ੍ਰੇਰਤ ਕਰ ਰਹੇ ਹਨ।



### ਇਕ ਸਾਲ 'ਚ ਲਈਆਂ ਜਾ ਸਕਦੀਆਂ ਹਨ ਕਈ ਫਸਲਾਂ

ਅਵਤਾਰ ਸਿੰਘ ਨੇ ਦੱਸਿਆ ਕਿ ਕੁਦਰਤੀ ਖੇਤੀ ਰਾਹੀਂ ਇਕ ਖੇਤ 'ਚੋਂ ਸਾਲ ਦੌਰਾਨ ਕਈ ਫਸਲਾਂ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਖੇਤ 'ਚ ਜੰਗਲ ਦੇ ਸਿਧਾਂਤ ਮੁਤਾਬਕ ਗੰਨੇ ਦੀ ਖੇਤੀ ਕਰਨ ਦੇ ਨਾਲ ਹੀ ਬੰਦ ਗੋਭੀ, ਮਟਰ ਤੇ ਗੋਭੀ ਸਰ੍ਹੋਂ ਵੀ ਬੀਜੀ ਹੋਈ ਹੈ। ਇਨ੍ਹਾਂ ਫਸਲਾਂ ਤੋਂ ਬਾਅਦ ਹੋਰ ਵੀ ਦੋ-ਤਿੰਨ ਮੌਸਮੀ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਅਵਤਾਰ ਸਿੰਘ ਨੇ ਦੱਸਿਆ ਕਿ ਗੰਨੇ ਦੀ ਬਿਜਾਈ ਲਈ 4×8 ਫੁੱਟ 'ਤੇ ਇਕ-ਇਕ ਪੋਰੀ ਕਰ ਕੇ ਬਿਜਾਈ ਕੀਤੀ ਗਈ ਹੈ। ਇਸ ਦੇ ਪੌਦਿਆਂ ਵਿਚਲੀ ਖਾਲੀ ਥਾਂ 'ਤੇ ਹੋਰ ਮੌਸਮੀ ਫਸਲਾਂ ਜਾਂ ਸਬਜ਼ੀਆਂ ਦੀ ਕਾਸ਼ਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਵਿਧੀ ਰਾਹੀਂ ਉਹ ਇੱਕੋ ਖੇਤ 'ਚੋਂ ਸਾਲ ਦੌਰਾਨ 4 ਤੋਂ 6 ਫਸਲਾਂ ਲੈਂਦੇ ਹਨ। ਜੇਕਰ ਪੰਜਾਬ ਦੇ ਸਾਰੇ ਕਿਸਾਨ ਇਸ ਵਿਧੀ ਨੂੰ ਅਪਣਾ ਲੈਣ ਤਾਂ ਉਨ੍ਹਾਂ ਨੂੰ ਖੁਦਕੁਸ਼ੀ ਕਰਨ ਦੀ ਲੋੜ ਨਹੀਂ ਪਵੇਗੀ। ਕਣਕ ਤੇ ਝੋਨੇ ਦੀ ਫਸਲ ਚੱਕਰ ਬਾਰੇ ਗੱਲ ਕਰਦੇ ਹੋਏ ਅਵਤਾਰ ਸਿੰਘ ਨੇ ਦੱਸਿਆ ਕਿ ਝੋਨਾ ਪੰਜਾਬ ਦੀ ਫਸਲ ਨਹੀਂ ਹੈ, ਇਹ ਬੇਗਾਨੀ ਫਸਲ ਹੈ ਅਤੇ ਬੇਗਾਨੀ ਚੀਜ਼ ਦਾ ਕਦੇ ਕਿਸੇ ਨੂੰ ਫਾਇਦਾ ਨਹੀਂ ਹੁੰਦਾ। ਇਹੀ ਕਾਰਨ ਝੋਨੇ ਦੀ ਬਿਜਾਈ ਕਾਰਨ ਪੰਜਾਬ ਦੀ ਧਰਤੀ ਬੰਜਰ ਬਣਦੀ ਜਾ ਰਹੀ ਹੈ। ਕਿਸਾਨਾਂ ਨੂੰ ਝੋਨੇ ਦਾ ਬਦਲ ਅਪਣਾਉਣਾ ਹੀ ਪਵੇਗਾ ਤਾਂ ਹੀ ਖੇਤੀ ਲਾਹੇਵੰਦ ਹੋ ਸਕੇਗੀ।

### ਉੱਤਮ ਖੇਤੀ ਲਈ ਕੁਦਰਤੀਕਰਨ ਤੇ ਜੰਗਲ ਦਾ ਸਿਧਾਂਤ ਜ਼ਰੂਰੀ

ਅਵਤਾਰ ਸਿੰਘ ਦੱਸਦੇ ਹਨ ਕਿ ਜੇਕਰ ਖੇਤੀ ਨੂੰ ਲਾਹੇਵੰਦ ਕਰਨਾ ਹੈ ਤੇ ਕਿਸਾਨ ਦਾ ਵਿੱਤੀ ਸੰਕਟ 'ਚ ਕੱਢਣਾ ਹੈ ਤਾਂ ਗੁਰਬਾਣੀ ਦੇ ਸਿਧਾਂਤ 'ਤੇ ਚੱਲ ਕੇ ਖੇਤੀ ਦਾ ਕੁਦਰਤੀਕਰਨ ਤੇ ਜੰਗਲ ਦਾ ਸਿਧਾਂਤ ਲਾਗੂ ਕਰਨਾ ਜ਼ਰੂਰੀ ਹੈ। ਅਜਿਹਾ ਕਰਨ ਨਾਲ ਕਿਸਾਨ ਖੁਸ਼ਹਾਲ ਹੋਵੇਗਾ ਅਤੇ ਸਾਡਾ ਪੰਜਾਬ ਮੁੜ ਹਰ ਪੱਖ ਤੋਂ ਮਜ਼ਬੂਤ ਬਣੇਗਾ। ਅਵਤਾਰ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਪੂਰਾ ਵਿਸ਼ਵ ਹੀ ਸਿਹਤ ਸਮੱਸਿਆਵਾਂ ਤੇ ਵਾਤਾਵਰਨ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਗੁਰਬਾਣੀ ਦੇ ਸਿਧਾਂਤ ਮੁਤਾਬਕ ਖੇਤੀ ਕਰਨ ਦੀ ਲੋੜ ਹੈ। ਇਸ ਨਾਲ ਹੀ ਵਿੱਤੀ ਖੁਸ਼ਹਾਲੀ ਤੇ ਸਿਹਤਮੰਦ ਜੀਵਨ ਅਤੇ ਵਾਤਾਵਰਨ ਨੂੰ ਸਾਫ-ਸੁਥਰਾ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਖੇਤੀ 'ਚ ਵੀ ਨਿਪੁੰਨਪੂਰਨ ਪ੍ਰਬੰਧਨ ਦੀ ਅਹਿਮ ਲੋੜ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਕੁਦਰਤ ਜੀਵਨ ਨੂੰ ਬਣਾਉਂਦੀ ਕਿੰਦਾਂ ਹੈ। ਜਦੋਂ ਸਾਨੂੰ ਇਸ ਗੱਲ ਦੀ ਸੋਝੀ ਆ ਗਈ ਤਾਂ ਫਿਰ ਅਸੀਂ ਹਰ ਪੱਖੋਂ ਸਫਲ ਹੋ ਜਾਵਾਂਗੇ।

### ਕਿਸਾਨਾਂ ਨੂੰ ਜਾਗਰੂਕ ਕਰਨ ਲਈ ਬਣਾਇਆ ਗਰੁੱਪ, ਕੀਤਾ ਜਾਂਦਾ ਹੈ ਖੇਤੀ ਸਤਿਸੰਗ

ਅਗਾਂਹਵਧੂ ਕਿਸਾਨ ਅਵਤਾਰ ਸਿੰਘ ਵੱਲੋਂ ਗੁਰਬਾਣੀ ਦੇ ਸਿੱਧਾਂਤ ਨੂੰ ਮੰਨਣ ਵਾਲੇ ਹੋਰ ਵੀ ਕਈ ਕਿਸਾਨਾਂ ਨੂੰ ਆਪਣੇ ਨਾਲ ਜੋੜ ਕੇ ਗਰੁੱਪ ਬਣਾਇਆ ਗਿਆ ਹੈ। ਇਸ ਗਰੁੱਪ ਵੱਲੋਂ ਹਰ ਹਫਤੇ ਖੇਤੀ ਬਾਰੇ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ, ਜਿਸ ਨੂੰ ਖੇਤੀ ਸਤਿਸੰਗ ਦਾ ਰੂਪ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮਹੀਨਾਵਾਰੀ ਖੇਤੀ ਸਤਿਸੰਗ ਵੀ ਕੀਤਾ ਜਾਂਦਾ ਹੈ, ਜਿਸ 'ਚ ਵੱਖ-ਵੱਖ ਥਾਵਾਂ ਦੇ ਕਿਸਾਨ ਸ਼ਾਮਲ ਹੁੰਦੇ ਹਨ। ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ 'ਚੋਂ ਸੇਧ ਲੈ ਕੇ ਖੇਤੀ ਦਾ ਕੁਦਰਤੀਕਰਨ ਦਾ ਕਰਨਾ ਹੋਵੇਗਾ ਤਾਂ ਹੀ ਆਪਣੀਆਂ ਫਸਲਾਂ ਤੇ ਨਸਲਾਂ ਬਚਾ ਸਕਾਂਗੇ।



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।



Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


### ਕ੍ਰਿਸ਼ੀ ਵਿਗਿਆਨ ਕੇਂਦਰ ਨੇ ਪਿੰਡ ਅਸਰਪੁਰ ਵਿਖੇ ਮਨਾਇਆ ਖੇਤ ਦਿਵਸ

# ਟਮਾਟਰ ਦੀਆਂ ਬਿਮਾਰੀਆਂ ਦੀ ਰੋਕਥਾਮ ਸਬੰਧੀ ਕੇਵੀਕੇ ਨੇ ਕਿਸਾਨਾਂ ਨੂੰ ਦਿੱਤੀ ਜਾਣਕਾਰੀ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਪਿੰਡ ਅਸਰਪੁਰ ਵਿਖੇ ਟਮਾਟਰ ਦੀ ਫ਼ਸਲ ਦੀਆਂ ਬਿਮਾਰੀਆਂ ਦੀ ਰੋਕਥ ਾਮ ਦੀਆਂ ਤਕਨੀਕਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣ ਲਈ ਖੇਤ ਦਿਵਸ ਮਨਾਇਆ ਗਿਆ। ਇਸ ਖੇਤ ਦਿਵਸ ਵਿਚ ਪਿੰਡ ਅਸਰਪੁਰ, ਜੋਗੀਪੁਰ, ਫਤਿਹਪੁਰ, ਕਰਤਾਰਪੁਰ ਅਤੇ ਪੂਨੀਆ ਦੇ ਤਕਰੀਬਨ 80 ਕਿਸਾਨਾਂ ਵੱਲੋਂ ਸ਼ਿਰਕਤ ਕੀਤੀ ਗਈ। ਪ੍ਰੋਗਰਾਮ ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਦੇ ਨਾਲ-ਨਾਲ ਪੀ.ਏ.ਯੂ., ਲੁਧਿਆਣਾ ਦੇ ਸਬਜ਼ੀ ਵਿਭਾਗ ਅਤੇ ਪੌਦਾ ਰੋਗ ਵਿਭਾਗ ਦੇ ਵਿਗਿਆਨੀਆਂ ਨੇ ਉਚੇਚੇ ਤੌਰ ਤੇ ਭਾਗ ਲਿਆ।




ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਆਏ ਹੋਏ ਕਿਸਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਕੇ.ਵੀ.ਕੇ. ਦੀਆਂ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਕਿੱਤਾ-ਮੁਖੀ ਸਿਖਲਾਈ ਪ੍ਰੋਗਰਾਮ ਅਤੇ ਕਿਸਾਨ ਮੇਲਿਆਂ ਆਦਿ ਬਾਰੇ ਜਾਣਕਾਰੀ ਦਿੱਤੀ। ਪੀ.ਏ.ਯੂ. ਤੋਂ ਆਏ ਪ੍ਰਿੰਸੀਪਲ ਸਬਜ਼ੀ ਬਰੀਡਰ ਡਾ. ਸ਼ੈਲੇਸ਼ ਜਿੰਦਲ ਨੇ ਕਿਸਾਨਾਂ ਨੂੰ ਪੀ.ਏ.ਯੂ. ਵੱਲੋਂ ਵਿਕਸਿਤ ਕੀਤੀਆਂ ਟਮਾਟਰ ਦੀਆਂ ਸੁਧਰੀਆਂ ਕਿਸਮਾਂ ਨੂੰ ਅਪਣਾਉਣ ਦਾ ਸੱਦਾ ਦਿੱਤਾ ਅਤੇ ਟਮਾਟਰ ਦੀ ਫ਼ਸਲ ਦੇ ਉਤਪਾਦਨ ਦੀਆਂ ਵਿਗਿਆਨਕ ਸਿਫ਼ਾਰਸ਼ਾਂ ਬਾਰੇ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਡਾ. ਸੰਦੀਪ ਜੈਨ ਨੇ ਟਮਾਟਰ ਦੀ ਫ਼ਸਲ ਨੂੰ ਪੈਣ ਵਾਲੀ ਗੰਭੀਰ ਬਿਮਾਰੀ ਪਿਛੇਤੇ ਝੁਲਸ ਰੋਗ ਤੋਂ ਬਚਣ ਲਈ ਸਰਵਪੱਖੀ ਰੋਕਥਾਮ ਦੇ ਉਪਰਾਲੇ ਅਪਣਾਉਣ ਲਈ ਪ੍ਰੇਰਿਤ ਕੀਤਾ। ਪ੍ਰੋਫੈਸਰ ਡਾ. ਗੁਰਉਪਦੇਸ਼ ਕੌਰ ਨੇ ਪੌਸ਼ਟਿਕ ਖ਼ੁਰਾਕ ਪ੍ਰਬੰਧ ਬਾਰੇ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿਚ ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਟਮਾਟਰ ਦੀ ਸਿਹਤਮੰਦ ਨਰਸਰੀ ਤਿਆਰ ਕਰਨ ਦੇ ਨੁਕਤੇ ਸਾਂਝੇ ਕੀਤੇ। ਇਸ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਗੁਰਪ੍ਰੀਤ ਸਿੰਘ ਸਿੱਧੂ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਕਿਸਾਨਾਂ ਨੂੰ ਹਾੜੀ ਦੀਆਂ ਫ਼ਸਲਾਂ ਦੀ ਸੁਚੱਜੀ ਕਾਸ਼ਤ ਦੇ ਨੁਕਤਿਆਂ ਬਾਰੇ ਜਾਗਰੂਕ ਕਰਵਾਇਆ। ਇਸ ਪ੍ਰੋਗਰਾਮ ਵਿਚ ਅਸਰਪੁਰ ਅਤੇ ਨਾਲ ਦੇ ਪਿੰਡਾਂ ਤੋਂ ਆਏ ਅਗਾਂਹਵਧੂ ਕਿਸਾਨਾਂ ਗੁਰਮੀਤ ਸਿੰਘ, ਬਰਿੰਦਰ ਸਿੰਘ, ਜਸਵਿੰਦਰ ਸਿੰਘ ਆਦਿ ਨੇ ਟਮਾਟਰ ਦੀ ਫ਼ਸਲ ਦੇ ਉਤਪਾਦਨ ਸਬੰਧੀ ਦਰਪੇਸ਼ ਮੁਸ਼ਕਲਾਂ ਬਾਰੇ ਵਿਗਿਆਨੀਆਂ ਨੂੰ ਜਾਣੂ ਕਰਵਾਇਆ ਅਤੇ ਉਨ੍ਹਾਂ ਦੇ ਹੱਲ ਜਾਣੇ। ਪਿੰਡ ਦੇ ਕਿਸਾਨਾਂ ਨੇ ਵਿਗਿਆਨੀਆਂ ਦੀ ਟੀਮ ਦਾ ਇਸ ਪ੍ਰੋਗਰਾਮ ਦਾ ਆਯੋਜਨ ਕਰਨ ਲਈ ਧੰਨਵਾਦ ਕੀਤਾ।


KSA BEW KSP
KS Group PUNJAB
www.ksagrotech.org
sales@ksagrotech.org
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
KSA
Straw Reaper
Government APPROVED Approved



KSA 756 XH
TOLL FREE NUMBER
1800-120-004455
www.ksagrotech.org
ਸਟਰਾ-ਰੀਪਰ ਬੁੱਕ ਕਰਵਾਓ
Contact No.
+91 92170-70555
+91 92170-71755
ਕੇ.ਐਸ. ਐਗਰੋਟੈਕ ਪ੍ਰਾ.ਲਿ.
ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲਾ ਸੰਗਰੂਰ, ਪੰਜਾਬ


## ਕੋਹਰੇ ਤੋਂ ਆਲੂ, ਸਰ੍ਹੋਂ, ਦਾਲਾਂ ਅਤੇ ਸਬਜੀਆਂ ਕਿਹੜੇ ਅਸਾਨ ਤਰੀਕੇ ਨਾਲ ਬਚਾਇਆ ਜਾਵੇ?

ਭਾਰਤ ਵਿਚ ਦਸੰਬਰ ਦੇ ਮਹੀਨੇ ਵਿਚ ਪੰਜਾਬ ਹੀ ਨਹੀਂ ਬਲਕਿ ਦੇਸ਼ ਦੇ ਸਭ ਸੂਬਿਆਂ ਠੰਢ ਜ਼ੋਰਾਂ ਤੇ ਪੈਂਦੀ ਅਤੇ ਖਾਸ ਕਰਕੇ ਠੰਢ ਵਿਚ ਕਿਸਾਨ ਨੂੰ ਫਸਲਾਂ ਬਚਾਉਣ ਲਈ ਬਹੁਤ ਮੇਹਨਤ ਕਰਨੀ ਪੈਂਦੀ ਹੈ। ਕਿਉਕਿ ਕਿਸਾਨਾਂ ਦੀਆਂ ਫਸਲਾਂ ਤੇ ਠੰਢ ਵਿਚ ਕੋਹਰੇ ਦੀ ਮਾਰ ਹੇਠ ਆ ਜਾਂਦੀਆਂ ਹਨ। ਉਹਨਾਂ ਦੀ ਕੀਤੀ ਮੇਹਨਤ ਅਜਾਂਈ ਚਲੀ ਜਾਂਦੀ ਹੈ। ਆਲੂ, ਸਰ੍ਹੋਂ, ਦਾਲਾਂ ਅਤੇ ਸਬਜ਼ੀਆਂ ਨੂੰ ਬਚਾਉਣ ਦੇ ਆਸਾਨ ਢੰਗ ਬਾਰੇ ਦੱਸਣ ਜਾ ਰਿਹਾ ਹਾਂ। ਅਜਿਹੇ ਆਸਾਨ ਢੰਗਾਂ ਨਾਲ ਤੁਹਾਡੀ ਫਸਲ ਬਰਬਾਦ ਹੋਣ ਤੋਂ ਬਚ ਸਕਦੀ ਹੈ। ਨਾ ਹੀ ਜ਼ਿਆਦਾ ਖੇਚਲ ਕਰਨੀ ਪੈਂਦੀ ਹੈ। ਜੇ ਕੋਹਰਾ ਜ਼ਿਆਦਾ ਪਵੇ ਤਾਂ ਤਣੇ ਤੋਂ ਪੱਤਿਆਂ ਤੱਕ ਫਸਲ ਨੂੰ



ਨੁਕਸਾਨ ਪੁੱਜ ਸਕਦਾ ਹੈ। ਜਦ ਪੱਤਿਆਂ ਉੱਪਰ ਬਰਫ ਜੰਮੇ, ਤਾਂ ਪੱਤੇ ਦਾ ਅੰਦਰਲਾ ਤਾਪਮਾਨ ਠੰਢਾ ਹੁੰਦਾ ਹੈ, ਬੂਟੇ ਦੇ ਟਿਸ਼ੂ ਵਿਚ ਨਿੱਕੇ ਨਿੱਕੇ ਸੈੱਲ ਹੁੰਦੇ ਹਨ, ਉਨ੍ਹਾਂ ਵਿਚ ਬਰਫ ਜੰਮ ਜਾਂਦੀ ਹੈ। ਸਭ ਤੋਂ ਵੱਧ ਕੋਹਰੇ ਤੋਂ ਨੁਕਸਾਨ ਉਸ ਟਾਈਮ ਹੁੰਦਾ ਹੈ। ਬਿਨਾਂ ਵੱਟਾਂ ਲਗਾਇਆਂ ਤੇ ਜਿਹੜੀਆਂ ਜ਼ਮੀਨਾਂ ਖੁਸ਼ਕ ਹਨ, ਉਸ ਥਾਂ ਤੇ ਕੋਹਰਾ ਜ਼ਿਆਦਾ ਨੁਕਸਾਨ ਕਰਦਾ ਹੈ। ਜ਼ਮੀਨ ਵਿਚ ਨਮੀ ਹੋਣ ਨਾਲ ਕੋਹਰਾ ਘੱਟ ਅਸਰ ਕਰਦਾ ਹੈ। ਸਰਦੀਆਂ ਵਿਚ ਪਾਣੀ ਲਗਾਉਣ ਨਾਲ ਕੋਹਰੇ ਤੋਂ ਬਚਿਆ ਜਾ ਸਕਦਾ ਹੈ। ਆਲੂਆਂ ਦੀ ਫਸਲ ਨੂੰ ਪਤਲਾ ਜਿਹਾ ਪਾਣੀ ਲਗਾ ਕੇ ਕੋਹਰੇ ਤੋਂ ਬਚਾ ਸਕਦੇ ਹੋ। ਧੂੰਆਂ ਕਰਕੇ ਵੀ ਕੋਹਰੇ ਤੋਂ ਬਚਿਆ ਜਾ ਸਕਦਾ ਹੈ। ਸਰਦੀਆਂ ਵਿਚ ਧੂੰਆਂ ਉੱਪਰ ਜ਼ਿਆਦਾ ਨਹੀਂ ਜਾਂਦਾ ਹੈ। ਖੇਤ ਪਰਤ ਬਣਾ ਲੈਂਦਾ ਹੈ। ਜੇ ਕੋਹਰੇ ਪੈਣ ਦੀ ਸੰਭਾਵਨਾ ਸਮਝਦੇ ਹੋ, ਜਿਨ੍ਹਾਂ ਕਿਸਾਨਾਂ ਦੇ ਸਪਰਿੰਕਲਰ ਦੇ ਫੁਆਰੇ ਲਾਏ ਹਨ ਤਾਂ ਉਹਨਾਂ ਨੂੰ ਸਲਾਹ ਹੈ ਕਿ ਸਵੇਰੇ 4 ਵਜੇ ਉੱਠਕੇ ਫੁਆਰੇ ਚਲਾ ਦਿੱਤੇ ਜਾਣ, ਪੱਤੇ ਧੋਤੇ ਜਾਣ ਤੋਂ ਕੋਹਰਾ ਲਹਿ ਜਾਵੇਗਾ ਜਾਂ 2 ਲੀਟਰ ਪਾਣੀ ਵਿਚ 1 ਗ੍ਰਾਮ ਥਾਇਓ ਯੂਰੀਆ ਪਾ ਕੇ ਤੁਸੀਂ ਛਿੜਕਾਅ ਕਰ ਸਕਦੇ ਹੋ। ਇਸ ਤਰ੍ਹਾਂ ਕਰਨ ਨਾਲ ਵੀ ਕੋਹਰੇ ਤੋਂ ਬਚਿਆ ਜਾ ਸਕਦਾ ਹੈ।

ਜਗਜੀਤ ਸਿੰਘ ਝੱਤਰਾ, ਮੋ: 7814490249